SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

52
April - June 2024

ਕਿਸਾਨਾਂ ਆਈ ਵਿਸਾਖੀ, ਕਣਕਾਂ ਦੀ ਮੁੱਕ ਗਈ ਰਾਖੀ



## ਅੰਦਰ ਪੜ੍ਹੋ

- ਸੈਣੀ ਬਰਾਦਰੀ ਦੇ ਗਾਇਕ ਕਲਾਕਾਰ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖਸ਼ੀਅਤਾਂ
- ਮਨੁੱਖੀ ਅਣਗਹਿਲੀਆਂ ਅਤੇ ਸਮੱਸਿਆਵਾਂ
- ਨਰੋਈ ਜੀਵਨ ਜਾਚ
- ਸਾਹਿਤਕ ਰਚਨਾਵਾਂ
- ਵਧਾਈਆਂ ਅਤੇ ਧੰਨਵਾਦ
- ਮੈਟਰੀਮੋਨੀਅਲਜ਼

P U B L I S H E R S
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ

R.N.I. No. : PUNBIL/2011/48578

Volume - XIV, Issue - II April - June 2024

# Saini Sansar

(Quarterly)

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 06.04.2024**

# ਸੈਣੀ ਸੰਸਾਰ
(ਤਿਮਾਹੀ)

ਜਿਲਦ 14, ਅੰਕ 2 ਅਪ੍ਰੈਲ - ਜੂਨ 2024

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)


ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਵਿਸਾਖੀ ਮਨਾਉਂਦੇ ਗੱਭਰੂ ਅਤੇ ਮੁਟਿਆਰਾਂ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ- ਪੁਸਤਕਾਂ ਦੀ ਕਰਾਮਾਤ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਦਾਨੀ ਸੱਜਣ, ਅਪੀਲ ਅਤੇ ਵਧਾਈ | 7 |
| ਲੇਖ - ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ | 8-9 |
| ਸੁਖੀ ਬੁਢਾਪੇ ਦੀ ਜੀਵਨ ਕਲਾ | 9 |
| ਕਹਾਣੀ - ਰੱਬਾ ਸਮੁੱਤ ਬਖਸ਼ੀਂ | 10-11 |
| ਕਵਿਤਾ ਅਤੇ ਗੀਤ | 12 |
| ਸੈਣੀ ਬਰਾਦਰੀ ਦੇ ਗਾਇਕ ਕਲਾਕਾਰ | 13-19 |
| ਲੇਖ - ਕੇਸਾਂ ਅਤੇ ਦਸਤਾਰ ਦੀ ਮਹੱਤਤਾ | 20-21 |
| ਕਵਿਤਾ - ਖੇਤਾਂ ਦਾ ਸੋਨਾ | 21 |
| ਲੋਕ ਨਾਚਾਂ ਦਾ ਸਫ਼ਰ | 22 |
| ਹੱਡਬੀਤੀ - ਮੇਰੀ ਨਿਯੁਕਤੀ | 23 |
| ਕਿਸਾਨਾਂ ਦੀ ਆਰਥਿਕਤਾ ਅਤੇ ਦੇਸ਼ ਦੀ ਖੁਸ਼ਹਾਲੀ | 24-25 |
| ਸ਼ਰਧਾਂਜਲੀ | 25 |
| ਕਹਾਣੀ - ਉਹ ਕੁੜੀ, ਪਿੰਡ ਦੀ ਧੀ | 26-27 |
| ਅੱਜ ਦਾ ਮਨੁੱਖ ਅਤੇ ਕੁਦਰਤੀ ਸੰਸਾਰ ਦੀ ਤਬਾਹੀ | 28 |
| ਮੁਫ਼ਤਖੋਰੀ ਦਾ ਸਮਾਜ 'ਤੇ ਬਹੁਪਰਤੀ | 29-30 |
| ਗਜ਼ਲ | 30 |
| ਕਹਾਣੀ - ਮਨ ਦਾ ਵਹਿਮ | 31 |
| ਬਦਲ ਰਹੀ ਜੀਵਨ ਦੀ ਤੌਰ ਤੇ ਨੌਜਵਾਨੀ ਦੇ ਰੁਝਾਨ | 32-33 |
| Matrimonials | 34-40 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਪੁਸਤਕਾਂ ਦੀ ਕਰਾਮਾਤ

ਅਜਮੇਰ ਸਿੰਘ (ਡਾ.)
ਰੂਪਨਗਰ



ਪੁਸਤਕ ਸ਼ਬਦਾਂ ਦਾ ਸੰਗ੍ਰਿਹ ਹੈ। ਸ਼ਬਦ ਅੱਖਰਾਂ ਤੋਂ ਬਣਦੇ ਹਨ। ਸ਼ਬਦਾਂ ਤੋਂ ਵਾਕ ਅਤੇ ਵਾਕਾਂ ਤੋਂ ਪੋਥੀਆਂ ਤੇ ਗ੍ਰੰਥ ਹੋਂਦ ਵਿੱਚ ਆਉਂਦੇ ਹਨ। ਕਈ ਸਦੀਆਂ ਦੇ ਯਤਨਾਂ ਬਾਅਦ ਮਨੁੱਖ ਨੇ ਅੱਖਰਾਂ ਦੀ ਬਣਤਰ ਬਣਾਈ ਅਤੇ ਫਿਰ ਸ਼ਬਦ। ਸ਼ਬਦ ਬਹੁਤ ਵੱਡੀ ਤਾਕਤ ਹਨ। ਸਾਡੇ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਕਿਹਾ ਜਾਂਦਾ ਹੈ, 'ਪੱਥਰ ਖੁਰ ਜਾਂਦੇ ਹਨ ਪਰ ਸ਼ਬਦ ਨਹੀਂ'।

ਜਦੋਂ ਪੂਰੀ ਦੁਨੀਆਂ ਦੇ ਲੋਕ ਅਜੇ ਜੰਗਲਾਂ ਵਿੱਚ ਜਾਨਵਰਾਂ ਵਰਗਾ ਜੀਵਨ ਬਤੀਤ ਕਰਦੇ ਸਨ ਤਾਂ ਪੰਜਾਬੀਆਂ ਦੀ ਸ਼ਬਦਾਂ ਨਾਲ ਸਾਂਝ ਬਣ ਚੁੱਕੀ ਸੀ। ਰਿਗਵੇਦ, ਜਿਸ ਨੂੰ ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਮੰਨਿਆਂ ਜਾਂਦਾ ਹੈ, ਚਾਰ ਸਦੀਆਂ ਪਹਿਲਾਂ ਪੰਜਾਬ ਵਿੱਚ ਹੀ ਰਚਿਆ ਗਿਆ ਸੀ। ਸਭ ਤੋਂ ਪਹਿਲਾਂ ਮਨੁੱਖ ਨੇ ਪੱਥਰਾਂ 'ਤੇ ਲਿਖਣਾ ਸ਼ੁਰੂ ਕੀਤਾ, ਫਿਰ ਪੱਤਿਆਂ ਅਤੇ ਕੱਪੜੇ 'ਤੇ ਲਿਖਣ ਮਗਰੋਂ ਕਾਗਜ਼ ਦੀ ਖੋਜ ਹੋਈ ਤਾਂ ਪੁਸਤਕਾਂ ਹੋਂਦ ਵਿੱਚ ਆਈਆਂ।

ਸ਼ਬਦ ਬਹੁਤ ਸ਼ਕਤੀਸ਼ਾਲੀ ਹੈ। ਇਸ ਦੀ ਸ਼ਕਤੀ ਬਾਰੇ ਇੱਕ ਕਥਾ ਪ੍ਰਚਲਿਤ ਹੈ ਕਿ ਇੱਕ ਰਾਜੇ ਨੇ ਇੱਕ ਵਿਦਵਾਨ ਦੀ ਸੂਝਬੂਝ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਸ ਨੂੰ ਅਜਿਹਾ ਮੰਤਰ ਦੇਣ ਲਈ ਕਿਹਾ ਜੋ ਹਰ ਸੰਕਟ ਵਿੱਚ ਉਸ ਦੇ ਕੰਮ ਆ ਸਕੇ। ਵਿਦਵਾਨ ਨੇ ਰਾਜੇ ਨੂੰ ਇੱਕ ਅੰਗੂਠੀ ਦੇ ਕੇ ਕਿਹਾ ਕਿ ਇਸ ਦੇ ਨਗ ਹੇਠ ਇਕ ਕਾਗਜ਼ ਦੇ ਟੁਕੜੇ 'ਤੇ ਕੁੱਝ ਸ਼ਬਦ ਲਿਖੇ ਹਨ ਜੋ ਸੰਕਟ ਸਮੇਂ ਤੁਹਾਡੀ ਮਦਦ ਕਰਨਗੇ। ਕੁੱਝ ਸਮੇਂ ਬਾਅਦ ਇੱਕ ਗੁਆਂਢੀ ਦੁਸ਼ਮਣ ਨੇ ਰਾਜੇ 'ਤੇ ਹਮਲਾ ਕਰ ਕੇ ਉਸ ਨੂੰ ਹਰਾ ਦਿੱਤਾ। ਉਹ ਮੈਦਾਨੇ-ਜੰਗ ਵਿੱਚੋਂ ਭੱਜ ਕੇ ਪਹਾੜ ਵੱਲ ਭੱਜ ਗਿਆ ਪਰ ਦੁਸ਼ਮਣ ਦੀ ਫੌਜ ਨੇ ਉਸ ਨੂੰ ਉੱਥੇ ਵੀ ਘੇਰਾ ਪਾ ਲਿਆ। ਉਹ ਆਪਣੀ ਜਾਨ ਬਚਾਉਣ ਲਈ ਇੱਕ ਗੁਪਤ ਥਾਂ 'ਤੇ ਜਾ ਛੁਪਿਆ। ਰਾਜੇ ਨੂੰ ਇਸ ਸਮੇਂ ਵਿਦਵਾਨ ਦੀ ਗੱਲ ਯਾਦ ਆ ਗਈ। ਉਸ ਨੇ ਆਪਣੀ ਮੁੰਦਰੀ ਦਾ ਨਗ ਉਖਾੜਿਆ ਅਤੇ ਕਾਗਜ਼ ਨੂੰ ਕੱਢ ਕੇ ਉਸ 'ਤੇ ਲਿਖਿਆ ਪੜ੍ਹਿਆ। ਇਸ 'ਤੇ ਲਿਖਿਆ ਸੀ, "ਇਹ ਵਕਤ ਵੀ ਬੀਤ ਜਾਏਗਾ"। ਇਨ੍ਹਾਂ ਸ਼ਬਦਾਂ ਨਾਲ ਰਾਜੇ ਅੰਦਰ ਅਥਾਹ ਊਰਜਾ ਆ ਗਈ। ਦੁਸ਼ਮਣ ਦੀ ਫੌਜ ਰਾਜੇ ਨੂੰ ਲੱਭ ਨਾ ਸਕੀ ਅਤੇ ਉਸ ਦੀ ਜਾਨ ਬਚ ਗਈ। ਰਾਜੇ ਨੇ ਇਸ ਗੁਪਤ ਥਾਂ 'ਤੇ ਆਪਣੀ ਫੌਜ ਨੂੰ ਮੁੜ ਸੰਗਠਿਤ ਕੀਤਾ ਅਤੇ ਦੁਸ਼ਮਣ ਉੱਤੇ ਹਮਲਾ ਕਰ ਕੇ ਉਸ ਨੂੰ ਹਰਾ ਕੇ ਆਪਣਾ ਰਾਜ ਵਾਪਿਸ ਲੈ ਲਿਆ। ਇਹ ਹੈ ਸ਼ਬਦ ਦੀ ਤਾਕਤ।

ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਦੇ ਸ਼ਬਦਾਂ ਨਾਲ ਔਰੰਗਜ਼ੇਬ ਨੂੰ ਉਸ ਦੇ ਜ਼ੁਲਮਾਂ ਦਾ ਇੰਨੀ ਸ਼ਿੱਦਤ ਨਾਲ ਅਹਿਸਾਸ ਕਰਵਾਇਆ ਕਿ ਬਾਦਸ਼ਾਹ ਅੰਦਰੋਂ ਟੁੱਟ ਗਿਆ। ਕਿਸੇ ਨੇ ਸੱਚ ਹੀ ਕਿਹਾ ਹੈ ਕਿ 'ਸ਼ਬਦਾਂ ਨਾਲ ਤੁਸੀਂ ਸਾਰਾ ਸੰਸਾਰ ਜਿੱਤ ਸਕਦੇ ਹੋ, ਪਰ ਤਲਵਾਰ ਨਾਲ ਨਹੀਂ'। ਸ਼ਬਦਾਂ ਦੀ ਅਹਿਮੀਅਤ ਨੂੰ ਸਮਝਣ ਵਾਲੇ ਲੋਕ ਸਾਰੀ ਉਮਰ ਕਿਤਾਬਾਂ ਨਾਲ ਲਗਾਓ ਰਖਦੇ ਹਨ। ਚੰਗੀਆਂ ਪੁਸਤਕਾਂ ਪੜ੍ਹਨ ਨਾਲ ਸਖ਼ਸ਼ੀਅਤ ਬੁਲੰਦ ਹੁੰਦੀ ਹੈ। ਵਿਦਵਾਨ ਜੇਮਜ਼ ਰਸਲ ਦਾ ਕਹਿਣਾ ਹੈ ਕਿ 'ਪੁਸਤਕਾਂ ਸ਼ਹਿਦ ਦੀਆਂ ਮੱਖੀਆਂ ਵਾਂਗ ਹੁੰਦੀਆਂ ਹਨ ਜੋ ਫੁੱਲਾਂ ਦੇ ਬੂਰ ਨੂੰ ਇਕ ਦਿਮਾਗ ਤੋਂ ਦੂਜੇ ਤੱਕ ਲੈ ਕੇ ਜਾਂਦੀਆਂ ਹਨ।

ਪੁਸਤਕਾਂ ਸਾਨੂੰ ਬੀਤ ਚੁੱਕੇ ਸਮੇਂ ਦੇ ਦਰਸ਼ਨ ਕਰਵਾਉਂਦੀਆਂ ਹਨ ਅਤੇ ਦੁਨੀਆਂ ਵਿੱਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਦੇ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਸਾਕਾਰ ਕਰਦੀਆਂ ਹਨ। ਪੰਜਾਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਸਾਰੇ ਗੁਰੂਆਂ ਦੇ ਸ਼ਬਦਾਂ ਨੂੰ ਆਦਿ ਗ੍ਰੰਥ ਵਿੱਚ ਪਰੋ ਕੇ ਸਾਰੀ ਲੋਕਾਈ ਨੂੰ ਉਪਦੇਸ਼ ਦਿੱਤਾ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦਾ ਦਰਜਾ ਦਿੱਤਾ। ਭਗਤ ਪੂਰਨ ਸਿੰਘ ਜੀ ਨੇ ਮਨੁੱਖਤਾ ਦੀ ਸੇਵਾ ਕਰ ਕੇ ਪੂਰੀ ਦੁਨੀਆਂ ਵਿੱਚ ਆਪਣੀ ਮਿਸਾਲ ਕਾਇਮ ਕੀਤੀ। ਉਹ ਸ਼ਬਦਾਂ ਦੀ ਤਾਕਤ ਨੂੰ ਸਮਝਦਿਆਂ ਕਿਤਾਬਾਂ ਪੜ੍ਹਨ ਨੂੰ ਆਪਣਾ ਨੇਮ ਸਮਝਦੇ ਸਨ ਅਤੇ ਖੁਦ ਲਿਖਦੇ ਵੀ ਸਨ। ਸ਼ਹੀਦੇ ਆਜ਼ਮ ਭਗਤ ਸਿੰਘ ਪੁਸਤਕਾਂ ਪੜ੍ਹਨ ਦੇ ਸ਼ੌਕੀਨ ਸਨ। ਉਨ੍ਹਾਂ ਨੇ ਵਿਸ਼ਵਪੱਧਰੀ ਲੇਖਕਾਂ ਦੀਆਂ ਪੁਸਤਕਾਂ ਪੜ੍ਹੀਆਂ ਜਿਨ੍ਹਾਂ ਨੇ ਉਸਨੂੰ ਸਮਕਾਲੀ ਸਮਾਜੀ ਸਿਆਸੀ ਮਸਲਿਆਂ ਨੂੰ ਸਮਝਣ ਦੇ ਰਾਹ ਤੋਰਿਆ। ਡਾ. ਬੀ.ਆਰ. ਅੰਬੇਦਕਰ ਪੁਸਤਕਾਂ ਦੀ ਮਹਾਨਤਾ ਬਾਰੇ ਕਿਹਾ ਕਰਦੇ ਸਨ, ਤੁਹਾਡੇ ਪੈਰਾਂ ਵਿੱਚ ਜੁੱਤੀ ਭਾਵੇਂ ਨਾ ਹੋਵੇ, ਲੇਕਿਨ ਤੁਹਾਡੇ ਹੱਥਾਂ ਵਿੱਚ ਕਿਤਾਬਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਕਿਤਾਬਾਂ ਦਾ ਗਿਆਨ ਸ਼ੇਰਨੀ ਦਾ ਦੁੱਧ ਹੈ ਜੋ ਵੀ ਪੀਂਦਾ ਹੈ ਉਸਨੂੰ ਦਹਾੜਨਾ ਵੀ ਆ ਜਾਂਦਾ ਹੈ। ਇੰਗਲੈਂਡ ਅਤੇ ਫਰਾਂਸ ਵਿੱਚ ਲੋਕਾਂ ਦਾ ਕਿਤਾਬਾਂ ਪੜ੍ਹਨ ਦਾ ਰੁਝਾਨ ਸਾਡੇ ਨਾਲੋਂ ਕਿਤੇ ਵੱਧ ਹੈ।ਪੁਸਤਕਾਂ ਕਿਸੇ ਵੀ ਸਮਾਜ ਨੂੰ ਚੰਗਾ ਬਣਾਉਣ ਵਿੱਚ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਵਰਤਮਾਨ ਸਮੇਂ ਵਿੱਚ ਅਸੀਂ ਪੜ੍ਹਨ ਦੀ ਬਜਾਏ ਸੁਣਨ ਨੂੰ ਮਹੱਤਤਾ ਦੇਣ ਲੱਗੇ ਹਾਂ। ਇਸ ਕਾਰਨ ਅਸੀਂ ਕਿਤਾਬਾਂ ਤੋਂ ਦੂਰ ਹੋ ਰਹੇ ਹਾਂ। ਇੰਟਰਨੈਟ 'ਤੇ ਈ ਬੁੱਕ ਦਾ ਰੁਝਾਨ ਵਧ ਰਿਹਾ ਹੈ। ਇਹ ਨਵਾਂ ਰੁਝਾਨ ਸਾਡੀ ਸੋਚ ਨੂੰ ਬੌਣਾ ਬਣਾ ਰਿਹਾ ਹੈ। ਟੀਵੀ ਚੈਨਲਾਂ 'ਤੇ ਅੰਧਵਿਸ਼ਵਾਸ ਨਾਲ ਭਰਪੂਰ ਪ੍ਰੋਗਰਾਮਾਂ ਦਾ ਪ੍ਰਸਾਰਨ, ਮੋਬਾਈਲ ਇੰਟਰਨੈਟ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਵਰਗੇ ਇਸ ਦੇ ਕਈ ਕਾਰਨ ਹਨ। ਲੋਕ ਘਰਾਂ ਵਿੱਚ ਪੂਜਾ ਰੂਮ ਤਾਂ ਬਣਾ ਲੈਂਦੇ ਹਨ ਪਰ ਕਿਤਾਬਾਂ ਲਈ ਘਰ ਵਿੱਚ ਕੋਈ ਥਾਂ ਨਹੀਂ ਰੱਖਦੇ। ਲੋਕ, ਦਿਖਾਵਾ

ਕਰਨ ਲਈ ਵਿਆਹ-ਸ਼ਾਦੀਆਂ ਅਤੇ ਹੋਰ ਸਮਾਗਮਾਂ 'ਤੇ ਤਾਂ ਕਰਜ਼ਾ ਲੈ ਕੇ ਵੀ ਖਰਚ ਕਰਨਗੇ ਪਰ ਕਿਤਾਬਾਂ ਖਰੀਦਣ ਦਾ ਬਜਟ ਜ਼ੀਰੋ ਰੱਖਦੇ ਹਨ। ਸਾਡੇ ਕੋਲ ਹਰ ਤਰ੍ਹਾਂ ਦੀਆਂ ਵਸਤਾਂ ਹਰ ਦਿਨ ਵਧ ਰਹੀਆਂ ਹਨ ਪਰ ਅਸੀਂ ਬੌਧਿਕਤਾ ਪੱਖੋਂ ਕੰਗਾਲ ਹੋ ਰਹੇ ਹਾਂ। ਜਿੱਥੇ ਕਿਤਾਬਾਂ ਦਾ ਨਿਰਾਦਰ ਹੋਵੇਗਾ ਉੱਥੇ ਮਨੁੱਖਤਾ ਦਾ ਵੀ ਨਿਰਾਦਰ ਹੋਵੇਗਾ।

ਇਸ ਸਭ ਕੁਝ ਦੇ ਬਾਵਜੂਦ ਕਿਤਾਬਾਂ ਦੀ ਸਾਰਥਿਕਤਾ ਘਟੀ ਨਹੀਂ। ਆਪਣੇ ਸੋਚਣ ਦੇ ਢੰਗ ਨੂੰ ਵਿਗਿਆਨਕ ਬਣਾਉਣ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪੜ੍ਹਨ ਲਈ ਹਰ ਰੋਜ਼ ਘੰਟਾ-ਦੋ ਘੰਟੇ ਜ਼ਰੂਰ ਕੱਢੀਏ। ਗੁਰਬਾਣੀ ਦਾ ਪਾਠ ਕਰਨ ਤੋਂ ਬਾਅਦ ਅਸੀਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਸਾਨੂੰ ਬਿਬੇਕ ਦਾਨ ਦੇਵੇ ਜਿਸ ਦਾ ਭਾਵ ਹੈ ਕਿ ਸਾਡੀ ਸੋਚ ਵਿਚਾਰ ਕਰਨ ਦੀ ਸ਼ਕਤੀ ਵਧੇ। ਪਰ ਆਪਾਂ ਇਸ ਨੂੰ ਸਾਕਾਰ ਕਰਨ ਲਈ ਬਹੁਤ ਘੱਟ ਜਹਿਮਤ ਉਠਾਉਂਦੇ ਹਾਂ। ਚੰਗੀਆਂ ਅਖਬਾਰਾਂ ਤੇ ਚੰਗੀਆਂ ਕਿਤਾਬਾਂ ਇਸ ਕਾਰਜ ਲਈ ਸਾਡੀਆਂ ਸਭ ਤੋਂ ਵੱਧ ਸਹਾਈ ਹੋ ਸਕਦੀਆਂ ਹਨ।

ਚੀਨ ਦੇ ਲੋਕ ਆਖਦੇ ਹਨ ਕਿ 'ਕਿਤਾਬ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ।' ਆਈਸਲੈਂਡ ਦੇਸ਼ ਵਿੱਚ ਕਹਾਵਤ ਹੈ ਕਿ 'ਕਿਤਾਬ-ਵਿਹੂਣੇ ਹੋਣ ਨਾਲੋਂ ਜੁੱਤੀ-ਵਿਹੂਣੇ ਹੋਣਾ ਬਿਹਤਰ ਹੈ'। ਕਿਤਾਬਾਂ ਸਾਡੀ ਜ਼ਿੰਦਗੀ ਦੇ ਬਹੁਤ ਸਾਰੇ ਦੁੱਖਾਂ ਨੂੰ ਹਮੇਸ਼ਾਂ ਲਈ ਦੂਰ ਕਰਨ ਦੀ ਸਮਰੱਥਾ ਰਖਦੀਆਂ ਹਨ। ਹੰਗਰੀ ਦੇ ਲੋਕ ਆਖਦੇ ਹਨ ਕਿ 'ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ'। ਸਾਨੂੰ ਚਾਹੀਦਾ ਹੈ ਕਿ ਕਿਤਾਬਾਂ ਪੜ੍ਹਨ ਲਈ ਘਰ ਵਿੱਚ ਲਾਇਬ੍ਰੇਰੀ ਬਨਾਉਣ ਦੇ ਨਾਲ ਨਾਲ ਆਪਣੇ ਪੜ੍ਹਨ ਲਈ ਸਮਾਂ ਅਤੇ ਸਥਾਨ ਨਿਰਧਾਰਤ ਕਰੀਏ। ਹਰ ਰੋਜ਼ ਕਿਸੇ ਕਿਤਾਬ ਦੇ ਦਸ ਬਾਰਾਂ ਸਫ਼ੇ ਪੜ੍ਹਨ ਨਾਲ ਅਸੀਂ ਆਪਣੇ ਅੰਦਰ ਹੁੰਦੀ ਤਬਦੀਲੀ ਨੂੰ ਮਹਿਸੂਸ ਕਰ ਸਕਦੇ ਹਾਂ।

ਆਓ ਪੁਸਤਕਾਂ ਨਾਲ ਸਾਂਝ ਪਾਈਏ। ਘਰਾਂ ਤੇ ਦਿਲਾਂ ਵਿੱਚ ਪੁਸਤਕਾਂ ਨੂੰ ਸਥਾਨ ਦੇਈਏ। ਪੁਸਤਕਾਂ ਮਨੁੱਖੀ ਜ਼ਿੰਦਗੀ ਵਿੱਚ ਕਰਿਸ਼ਮੇ ਕਰਨ ਦੇ ਸਮਰੱਥ ਹਨ।

❋ ❋ ❋ ❋ ❋

## ਧੰਨਵਾਦ

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਜੀ ਸਮਾਜਸੇਵੀ ਸ. ਬਘੇਲ ਸਿੰਘ ਅਤੇ ਸੈਣੀ ਭਵਨ ਦੇ ਟਰੱਸਟੀਆਂ ਸ. ਰਾਜਿੰਦਰ ਸਿੰਘ ਨਨੂਆਂ ਅਤੇ ਹੋਰ ਟਰੱਸਟੀਆਂ ਵੱਲੋਂ ਦਿੱਤੀ ਰਾਸ਼ੀ ਸਦਕਾ ਸੈਣੀ ਭਵਨ ਵਿੱਚ 8 ਕਿਲੋਵਾਟ ਪਾਵਰ ਦਾ ਸੋਲਰ ਪੈਨਲ ਸਥਾਪਿਤ ਕੀਤਾ ਗਿਆ ਹੈ। ਜਿਸਨੇ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਹੈ। ਸਾਰੇ ਦਾਨੀ ਪੁਰਸ਼ਾਂ ਦਾ ਬਹੁਤ-ਬਹੁਤ ਧੰਨਵਾਦ

## ਚਿੰਤਾ ਦਾ ਸੋਮਾ

ਮਨੁੱਖ ਦੀ ਸਭ ਤੋਂ ਅਹਿਮ ਪ੍ਰਾਪਤੀ ਅਤੇ ਪਛਾਣ ਉਸ ਦੀ ਬੁੱਧੀ ਹੈ ਪਰ ਇਹੀ ਬੁੱਧੀ ਉਸ ਦੀ ਸਭ ਤੋਂ ਵੱਡੀ ਸਮੱਸਿਆ ਹੈ। ਬੁੱਧੀ 'ਚੋਂ ਉਪਜੀ ਚੇਤਨਾ ਨਾਲ ਮਨੁੱਖ ਜੀਵਨ ਮਾਣਦਾ ਹੈ ਪਰ ਚੇਤਨਾ ਹੀ ਮੌਤ ਦੀ ਚਿੰਤਾ ਨੂੰ ਉਪਜਾਉਂਦੀ ਹੈ ਜਿਸ ਨਾਲ ਮਨੁੱਖ ਨਿਤਾਣਾ ਅਨੁਭਵ ਕਰਦਾ ਹੈ। ਜਦੋਂ ਤੱਕ ਮਨੁੱਖੀ ਬੁੱਧੀ ਵਿਕਸਿਤ ਨਹੀਂ ਸੀ ਹੋਈ, ਸਭ ਕੁੱਝ ਕੁਦਰਤੀ ਨਿਯਮਾਂ ਅਨੁਸਾਰ ਚੱਲਦਾ ਸੀ। ਕੋਈ ਅਨਿਸ਼ਚਤਤਾ ਜਾਂ ਵਿਘਨ ਨਹੀਂ ਸੀ। ਕਰਨ-ਕਾਰਨ ਸਭ ਕੁੱਝ ਆਪਮੁਹਾਰੇ ਵਾਪਰਦਾ ਸੀ। ਮਨੁੱਖੀ ਦਿਮਾਗ ਵਿਕਸਿਤ ਹੋਣ ਨਾਲ ਉਸ ਨੇ ਸੋਚਣਾ ਆਰੰਭਿਆ ਅਤੇ ਆਲੇਦੁਆਲੇ ਵਿੱਚ ਦਖ਼ਲ ਦੇਣਾ ਸ਼ੁਰੂ ਕੀਤਾ ਜਿਸ ਕਾਰਨ ਬਹੁਤਾ ਕੁੱਝ ਨਿਸ਼ਚਿਤ ਨਾ ਰਿਹਾ। ਮਨੁੱਖ ਨੇ ਸੰਦਾਂ ਦਾ ਨਿਰਮਾਣ ਕੀਤਾ, ਨਵੇਂ ਨੇਮ ਘੜੇ ਅਤੇ ਸਥਾਪਤ ਨੇਮ ਬਦਲ ਦਿੱਤੇ ਜਾਂ ਤੋੜ ਦਿੱਤੇ। ਇਹ ਪ੍ਰਕਿਰਿਆ ਹੁਣ ਵੀ ਵਾਪਰ ਰਹੀ ਹੈ। ਵਿਨਾਸ਼ ਅਤੇ ਵਿਕਾਸ ਦੋਵੇਂ ਵਾਪਰਨ ਦੀਆਂ ਸੰਭਾਵਨਾਵਾਂ ਹਨ ਪਰ ਨਿਰਣਾ ਹਰੇਕ ਵਿਅਕਤੀ ਆਪ ਕਰ ਰਿਹਾ ਹੈ। ਇਸ ਸਥਿਤੀ ਵਿੱਚੋਂ ਹੀ ਚਿੰਤਾ ਉਪਜੀ ਹੈ। ਚਿੰਤਾ ਮਨੁੱਖ ਉਪਜਾਉਂਦਾ ਹੈ, ਚਿੰਤਾ ਦਾ ਸਬੰਧ ਮਨੁੱਖ ਨਾਲ ਹੈ, ਚਿੰਤਾ ਦਾ ਪ੍ਰਭਾਵ ਵੀ ਮਨੁੱਖ 'ਤੇ ਹੀ ਪੈਂਦਾ ਹੈ। ਬਾਹਰ ਕੋਈ ਚਿੰਤਾ ਨਹੀਂ, ਚਿੰਤਾ ਮਨੁੱਖ ਦੇ ਅੰਦਰ ਹੈ। ਹੋਰ ਜੀਵਾਂ ਨੂੰ ਕੋਈ ਚਿੰਤਾ ਨਹੀਂ ਕਿਉਂਕਿ ਉਨ੍ਹਾਂ ਕੋਲ ਬੁੱਧੀ ਨਹੀਂ ਹੈ, ਸੰਦ ਬਣਾਉਣ ਦੀ ਸਮਰੱਥਾ ਨਹੀਂ ਹੈ, ਵਿਉਂਤਾਂ ਬਣਾਉਣ ਦੀ ਯੋਗਤਾ ਨਹੀਂ ਹੈ। ਪਸ਼ੂਆਂ ਅਤੇ ਪੰਛੀਆਂ ਦੇ ਸਬੰਧ ਵਿੱਚ ਸਭ ਕੁੱਝ ਪਹਿਲਾਂ ਦੀ ਤਰ੍ਹਾਂ ਹੀ ਵਾਪਰ ਰਿਹਾ ਹੈ। ਹੋਰ ਜੀਵਾਂ ਨੂੰ 'ਇਸ' ਅਤੇ 'ਉਸ' ਵਿੱਚੋਂ ਚੋਣ ਕਰਨ ਦੀ ਲੋੜ ਨਹੀਂ, ਜਿਸ ਕਾਰਨ ਚਿੰਤਾ ਨਹੀਂ।

ਵੰਨਸੁਵੰਨਤਾ ਦੀ ਸੋਝੀ ਕੇਵਲ ਮਨੁੱਖ ਨੂੰ ਹੈ, 'ਇਹ ਲਵਾਂ, ਕਿ ਉਹ ਲਵਾਂ?', 'ਇਹ ਕਰਾਂ, ਕਿ ਉਹ ਕਰਾਂ?'ਦੀ ਚਿੰਤਾ ਕੇਵਲ ਮਨੁੱਖ ਦੀ ਹੈ। ਇਹ ਚਿੰਤਾ ਹੀ ਸਮੱਸਿਆ ਬਣ ਜਾਂਦੀ ਹੈ। ਮਨੁੱਖ ਸਮੱਸਿਆਵਾਂ ਤੋਂ ਬੇਇਜ਼ਤੀ, ਨੁਕਸਾਨ ਜਾਂ ਸਮਾਂ-ਬਰਬਾਰੀ ਹੋਣ ਤੋਂ ਡਰਦਾ ਹੈ। ਤੁਸੀਂ ਜੋ ਮਰਜ਼ੀ ਫ਼ੈਸਲਾ ਕਰੋ, ਚੋਣ ਕਰੋ, ਫ਼ੈਸਲਾ ਕਰਦਿਆਂ ਹੀ ਮਹਿਸੂਸ ਹੋਵੇਗਾ ਕਿ ਇਹ ਨਹੀਂ, ਉਹ ਫ਼ੈਸਲਾ ਕਰਨਾ ਚਾਹੀਦਾ ਸੀ। ਚਿੰਤਾ ਇੱਕ ਸੂਖਮ ਮਸਲਾ ਹੈ ਜੋ ਸੌਖਿਆਂ ਪਕੜ ਵਿੱਚ ਨਹੀਂ ਆਉਂਦਾ। ਇਸ ਦਾ ਇਕ ਸੰਭਾਵੀ ਹਲ ਧਾਰਮਿਕ ਸਿੱਖਿਆ ਜਾਂ 'ਯੋਗਾ' ਹੈ ਜਿਨਾਂ ਨੂੰ ਇਕ ਅਨੁਸ਼ਾਸਨ ਵਜੋਂ ਆਪਨਾਉਣ ਨਾਲ ਸਰੀਰ ਨੂੰ ਤੰਦਰੁਸਤ ਤੇ ਮਨ ਨੂੰ ਬਲਵਾਨ ਰੱਖਿਆ ਜਾ ਸਕਦਾ ਹੈ।

❋ ❋ ❋ ❋ ❋

ਇਨਸਾਨੀ ਸਮਾਜ ਵਿੱਚ ਉਦੋਂ ਤੱਕ ਕੋਈ ਸ਼ਾਂਤੀ ਸੰਭਵ ਨਹੀਂ, ਜਦੋਂ ਤੱਕ ਕੁਦਰਤ ਅਤੇ ਸਮੁੱਚੇ ਕੁਦਰਤੀ ਵਾਤਾਵਰਨ ਪ੍ਰਤੀ ਸਾਡਾ ਰਵੱਈਆ ਹਮਲਾਵਾਰਾਨਾਂ ਅਤੇ ਲੜਾਕਾ ਰਹੇਗਾ। ਪ੍ਰੋ. ਸਯਦ ਹੁਸੈਨ ਨਾਸਰ, ਤਹਿਰਾਨ

**ਜਨਵਰੀ – ਮਾਰਚ 2024 ਦੌਰਾਨ**

# ਸੈਣੀ ਭਵਨ ਦੀਆਂ ਸਰਗਰਮੀਆਂ



**ਰਾਜਿੰਦਰ ਸੈਣੀ**
**ਰੂਪਨਗਰ**

## ਮੈਗਜ਼ੀਨ ਦਾ ਲੋਕ ਅਰਪਣ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਪ੍ਰਕਾਸ਼ਿਤ ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦੇ 51ਵੇਂ ਅੰਕ ਦਾ ਲੋਕ ਅਰਪਣ ਮਿਤੀ 6 ਜਨਵਰੀ, 2024 ਨੂੰ ਸੈਣੀ ਭਵਨ ਵਿਖੇ ਕੀਤਾ ਗਿਆ। ਇਹ ਰਸਮ ਰੋਪੜ ਪ੍ਰਾਪਰਟੀਜ਼ ਐਂਡ ਬਿਲਡਰਜ਼ ਦੇ ਮੈਨੇਜਿੰਗ ਡਾਇਰੈਕਟਰ ਸ. ਬਘੇਲ ਸਿੰਘ ਅਤੇ ਰੂਪਨਗਰ ਸ਼ਹਿਰ ਦੇ ਸਾਬਕਾ ਐਮ.ਸੀ. ਸ. ਗੁਰਮੁਖ ਸਿੰਘ ਸੈਣੀ ਨੇ ਸ਼ਾਂਝੇ ਤੌਰ 'ਤੇ ਆਪਣੇ ਕਰ ਕਮਲਾਂ ਨਾਲ ਨਿਭਾਈ। ਸੇਵਾਮੁਕਤ ਮੁੱਖ ਅਧਿਆਪਕ ਸ. ਸੁਖਦੇਵ ਸਿੰਘ ਨੇ ਇਸ ਸਮਾਜਸੇਵੀ ਕਾਰਜ ਲਈ ਵਧਾਈ ਭੇਜੀ ਅਤੇ ਗਿਆਰਾਂ ਹਜ਼ਾਰ ਰੁਪਏ ਆਰਥਿਕ ਸਹਾਇਤਾ ਵਜੋਂ ਭੇਜੇ। ਇਸ ਸਮੇਂ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਜਨਰਲ ਸਕੱਤਰ ਸ. ਬਲਬੀਰ ਸਿੰਘ, ਟਰੱਸਟੀ ਸ. ਰਾਜਿੰਦਰ ਸਿੰਘ ਨਨੂੰਆਂ ਅਤੇ ਰਾਜਿੰਦਰ ਸੈਣੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਸਰਵਸ਼੍ਰੀ ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਹਰਜੀਤ ਸਿੰਘ, ਡਾ. ਜਸਵੰਤ ਕੌਰ, ਸ. ਸੁਰਿੰਦਰ ਸਿੰਘ, ਸ. ਰਾਜਿੰਦਰ ਸਿੰਘ ਗਿਰਨ, ਸ. ਪ੍ਰਿਤਪਾਲ ਸਿੰਘ, ਹਰਜੀਤ ਸਿੰਘ ਗਿਰਨ ਅਤੇ ਮੈਨੇਜਰ ਸ. ਹਰਦੀਪ ਸਿੰਘ ਹਾਜ਼ਰ ਸਨ।

## ਖ਼ੂਨਦਾਨ ਕੈਂਪ ਦਾ ਆਯੋਜਨ

ਸ਼ਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ 21ਵਾਂ ਖੂਨ ਦਾਨ ਕੈਂਪ 6 ਜਨਵਰੀ, 2024 ਨੂੰ ਸੈਣੀ ਭਵਨ ਵਿੱਚ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਰੋਪੜ ਪ੍ਰਾਪਰਟੀਜ਼ ਐਂਡ ਬਿਲਡਰਜ਼ ਦੇ ਮੈਨੇਜਿੰਗ ਡਾਇਰੈਕਟਰ ਸ. ਬਘੇਲ ਸਿੰਘ ਨੇ ਕੀਤਾ। ਇਸ ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਵਲੋਂ ਡਾ. ਮਨੀਸ਼ ਦੀ ਅਗਵਾਈ ਵਿੱਚ ਆਈ ਡਾਕਟਰੀ ਟੀਮ ਨੇ 52 ਯੂਨਿਟ ਖੂਨ ਇਕੱਠਾ ਕੀਤਾ। ਇਸ ਕਾਰਜ ਨੂੰ ਸਫਲ ਬਣਾਉਣ ਲਈ ਰਜਨੀ ਹਰਬਲਜ਼ ਮਲਕਪੁਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਅਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਨੇ ਵਿਤੀ ਯੋਗਦਾਨ ਪਾਇਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸੰਸਥਾ ਦੇ ਸਮਾਜਸੇਵੀ ਕਾਰਜਾਂ 'ਤੇ ਚਾਨਣਾ ਪਾਇਆ, ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸ. ਰਾਜਿੰਦਰ ਸਿੰਘ ਨਨੂੰਆਂ ਨੇ ਸਭ ਦਾ ਧੰਨਵਾਦ ਕੀਤਾ। ਕੈਂਪ ਵਿੱਚ ਸ਼੍ਰੀ ਜਗਦੇਵ ਸਿੰਘ ਨੇ 41ਵੀਂ ਵਾਰ, ਮਨਜੀਤ ਸਿੰਘ ਤੰਬੜ ਨੇ 31ਵੀਂ ਵਾਰ, ਅਮਿਤ ਸੈਣੀ ਨੇ 27ਵੀਂ ਵਾਰ, ਕੰਵਲਜੀਤ ਸੈਣੀ ਤੇ ਬਲਜਿੰਦਰ ਸਿੰਘ ਨੇ 25ਵੀਂ ਵਾਰ ਅਤੇ ਅਮਰੀਕ ਸਿੰਘ ਰਾਜੂ ਨੇ 22ਵੀ ਵਾਰ ਖ਼ੂਨ ਦਿੱਤਾ। ਇਸ ਸਮੇਂ ਮੁੱਖ ਮਹਿਮਾਨ ਦੇ ਨਾਲ ਖ਼ੂਨਦਾਨੀਆਂ ਅਤੇ ਹੋਰ ਸਹਾਇਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਨਮਾਨਿਤ ਕੀਤਾ ਗਿਆ। ਸੈਣੀ ਭਵਨ ਦੇ ਪ੍ਰਬੰਧਕਾਂ ਸਮੇਤ ਕਮਲਜੀਤ ਸਿੰਘ ਬਾਬਾ, ਡਾ. ਹਰਚਰਨ ਦਾਸ ਅਤੇ ਹੋਰ ਹਾਜ਼ਰ ਪਤਵੰਤੇ ਸੱਜਣਾ ਨੇ ਇਸ ਕਾਰਜ ਵਿੱਚ ਕਾਰਗਰ ਯੋਗਦਾਨ ਪਾਇਆ। ਮੁੱਖ ਮਹਿਮਾਨ ਨੇ ਸੰਸਥਾ ਨੂੰ 21 ਹਜ਼ਾਰ ਰੁਪਏ ਸਹਾਇਤਾ ਵਜੋਂ ਦਾਨ ਕੀਤੇ।

## ਲੋਹੜੀ ਮਨਾਈ

ਸੈਣੀ ਭਵਨ ਰੂਪਨਗਰ ਦੇ ਵਿਹੜੇ ਵਿੱਚ 12 ਜਨਵਰੀ, 2024 ਦੇ ਦਿਨ ਸੰਸਥਾ ਦੀਆਂ ਸਿਖਿਆਰਥਣਾਂ ਅਤੇ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਰਲਮਿਲ ਕੇ ਲੋਹੜੀ ਮਨਾਈ। ਇਸ ਸਮੇਂ ਧੂਣੀ ਬਾਲ ਕੇ ਅਗਨੀ ਨੂੰ ਮੱਥਾ ਟੇਕਿਆ ਗਿਆ ਅਤੇ ਲੜਕੀਆਂ ਨੇ ਗਿੱਧੇ ਅਤੇ ਗੀਤਾਂ ਨਾਲ ਮਾਹੌਲ ਨੂੰ ਰੰਗਲਾ ਬਣਾਇਆ ਗਿਆ। ਸੰਸਥਾ ਵਲੋਂ ਸਾਰੇ ਹਾਜ਼ਰੀਨ ਨੂੰ ਮੂੰਗਫਲੀ, ਰਿਉੜੀਆਂ ਅਤੇ ਮਿਠਾਈ ਵੰਡੀ ਗਈ। ਇਸ ਦੇ ਨਾਲ ਹੀ ਅਗਲੇ ਸਾਲ ਲਈ ਸ਼ੁੱਭ ਕਾਮਨਾਵਾਂ ਮੰਗਦਿਆਂ ਸਭ ਨੇ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ। ਇਸ ਸਮੇਂ ਲੋਹੜੀ ਦੇ ਮਿਥਿਹਾਸਕ ਅਤੇ ਇਤਿਹਾਸਕ ਪਿਛੋਕੜ ਦੀ ਚਰਚਾ ਕਰਦਿਆਂ ਮਹਾਨ ਪੰਜਾਬੀ ਸਵੈਮਾਨੀ ਸੰਘਰਸ਼ੀ ਦੁੱਲਾ ਭੱਟੀ ਅਤੇ ਮੁਕਤਸਰ ਜੰਗ ਦੇ 40 ਸਿੰਘਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ।

## ਐਮ.ਪੀ. ਸ਼੍ਰੀ ਮੁਨੀਸ਼ ਤਿਵਾੜੀ ਦਾ ਸਨਮਾਨ

24 ਜਨਵਰੀ, 2024 ਨੂੰ ਅਨੰਦਪੁਰ ਸਾਹਿਬ ਪਾਰਲੀਮੈਂਟ ਹਲਕੇ ਦੇ ਐਮ.ਪੀ ਸ਼੍ਰੀ ਮੁਨੀਸ਼ ਤਿਵਾੜੀ ਨੇ ਸੈਣੀ ਭਵਨ ਵਿਖੇ ਪਹੁੰਚ ਕੇ ਸੰਸਥਾ ਦੇ ਪ੍ਰਬੰਧਕਾਂ ਨੂੰ ਵਿਕਾਸ ਕਾਰਜਾਂ ਲਈ ਐਮਪੀਲੈਡ ਸਕੀਮ ਵਿੱਚੋਂ 5 ਲੱਖ ਰੁਪਏ ਦਾ ਪ੍ਰਵਾਨਗੀ ਪੱਤਰ ਭੇਟ ਕੀਤਾ। ਮੁਖ ਮਹਿਮਾਨ ਜੀ ਨੇ ਸੈਣੀ ਭਵਨ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਦੀ ਹਰ ਭਲਾਈ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸੰਸਥਾ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਅਤੇ ਮੁੱਖ ਮਹਿਮਾਨ ਵਲੋਂ ਦਿੱਤੀ ਸਹਾਇਤਾ ਲਈ ਧੰਨਵਾਦ ਕੀਤਾ। ਸ਼੍ਰੀ ਰਾਜਿੰਦਰ ਸੈਣੀ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸ. ਅਮਰਜੀਤ ਸਿੰਘ ਸੈਣੀ, ਨਗਰ ਕੌਂਸਲ ਦੇ ਪ੍ਰਧਾਨ ਸ਼੍ਰੀ ਸੰਜੇ ਵਰਮਾ, ਟਰੱਸਟੀ ਰਾਮ ਸਿੰਘ ਅਤੇ ਟਰੱਸਟੀ ਸ.ਬਹਾਦੁਰਜੀਤ ਸਿੰਘ ਨੇ ਮੁੱਖ ਮਹਿਮਾਨ ਦੀ ਕਾਰਜਵਿਧੀ ਦੀ ਤਾਰੀਫ਼ ਕਰਦਿਆਂ ਭਵਿੱਖ ਲਈ ਸ਼ੁੱਭ ਕਾਮਨਾਵਾਂ ਪ੍ਰਗਟ ਕੀਤੀਆਂ। ਇਸ ਮੌਕੇ ਸੈਣੀ ਭਵਨ ਦੇ ਟਰੱਸਟੀਆਂ ਤੋਂ ਇਲਾਵਾ ਸ਼੍ਰੀ ਪਵਨ ਦੀਵਾਨ ਸਾਬਕਾ ਚੇਅਰਮੈਨ ਲਾਰਜ ਸਕੇਲ ਇੰਡਸਟਰੀ, ਐਮ.ਸੀ ਸ.ਚਰਨਜੀਤ ਸਿੰਘ ਚੰਨੀ, ਸ. ਸਰਵਜੀਤ ਸਿੰਘ ਤੇ

ਅਮਰਜੀਤ ਸਿੰਘ ਜੌਲੀ, ਡਾ. ਹਰਚਰਨ ਦਾਸ ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ, ਕਾਂਗਰਸ ਨੇਤਾ ਸ਼੍ਰੀ ਰਮੇਸ਼ ਗੋਇਲ, ਸ. ਹਰਦੇਵ ਸਿੰਘ, ਸ. ਕੁਲਦੀਪ ਸਿੰਘ ਗੋਲੀਆਂ, ਜੋਰਾਵਰ ਸਿੰਘ ਬਿੱਟੂ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

## ਸੋਲਰ ਪੈਨਲ ਦਾ ਉਦਘਾਟਨ

ਮਿਤੀ 28 ਫਰਵਰੀ,2024 ਨੂੰ ਸੈਣੀ ਭਵਨ ਰੂਪਨਗਰ ਵਿਖੇ ਹਲਕਾ ਐਮ.ਐਲ.ਏ ਐਡਵੋਕੇਟ ਦਿਨੇਸ਼ ਚੱਢਾ ਜੀ ਸੋਲਰ ਪੈਨਲ ਦਾ ਰਸਮੀ ਉਦਘਾਟਨ ਕੀਤਾ। 8 ਕਿਲੋਵਾਟ ਸਮਰੱਥਾ ਵਾਲਾ ਇਹ ਸੋਲਰ ਪੈਨਲ ਸ. ਬਲਬੀਰ ਸਿੰਘ ਸੈਣੀ ਸਿਹਤ ਮੰਤਰੀ ਪੰਜਾਬ ਜੀ ਵਲੋਂ ਦਿੱਤੇ 2.5 ਲੱਖ, ਟਰਸਟੀ ਰਾਜਿੰਦਰ ਸਿੰਘ ਨਨੂੰਆਂ ਦੁਆਰਾ ਦਾਨ ਕੀਤੇ 50 ਹਜ਼ਾਰ, ਸ. ਬਘੇਲ ਸਿੰਘ ਜੀ ਦੇ 21 ਹਜ਼ਾਰ ਅਤੇ ਕਾਕਾ ਰਾਮ ਸੈਣੀ ਟਰੱਸਟ ਦੇ ਟਰੱਸਟੀਆਂ ਵਲੋਂ ਦਾਨ ਕੀਤੀ ਰਾਸ਼ੀ ਨਾਲ ਲਗਾਇਆ ਗਿਆ ਹੈ। ਇਸ ਨਾਲ ਸੈਣੀ ਭਵਨ ਨੂੰ ਬਿਜਲੀ ਦੇ ਬਿੱਲ ਤੋਂ ਰਾਹਤ ਮਿਲੀ ਹੈ। ਇਸ ਮੁਬਾਰਕ ਮੌਕੇ ਮੁੱਖ ਮਹਿਮਾਨ ਨੇ ਸੈਣੀ ਭਵਨ ਦੇ ਹਰ ਕਾਰਜ ਵਿੱਚ ਸਹਾਇਤਾ ਕਰਨ ਦਾ ਵਾਇਦਾ ਕੀਤਾ ਅਤੇ ਸੋਲਰ ਪੈਨਲ ਨੂੰ ਹੋਰ ਸ਼ਹਿਰੀਆਂ ਲਈ ਇੱਕ ਮਿਸਾਲ ਦੱਸਿਆ। ਇਸ ਸਮੇਂ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਸਮੂਹ ਜ਼ਿਲ੍ਹਾ ਅਹੁਦੇਦਾਰ, ਕਮੇਟੀ ਦੇ ਐਮ.ਸੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਐਮ.ਐਲ. ਏ ਸਾਹਿਬ ਨੂੰ ਸੰਸਥਾ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ, ਸ. ਰਾਜਿੰਦਰ ਸਿੰਘ ਸੈਣੀ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ, ਸ. ਬਲਬੀਰ ਸਿੰਘ ਸੈਣੀ ਅਤੇ ਸ਼੍ਰੀ ਰਾਜਿੰਦਰ ਸੈਣੀ ਨੇ ਮੁੱਖ ਮਹਿਮਾਨ ਜੀ ਦੇ ਲੋਕਹਿਤੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਸਫ਼ਲਤਾ ਦੀ ਕਾਮਨਾ ਕੀਤੀ ਅਤੇ ਸ. ਗੁਰਮੁਖ ਸਿੰਘ ਸੈਣੀ ਟਰੱਸਟੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।



## ਹੋਰ ਸੈਣੀ ਜਥੇਬੰਦੀਆਂ ਨਾਲ ਸਹਿਯੋਗ

ਸੈਣੀ ਬਰਾਦਰੀ ਦੇ ਏਕੇ ਦੀ ਭਵਨਾ ਨਾਲ ਸੈਣੀ ਮਹਾਂ ਸਭਾ ਸਮਾਜ ਜ਼ਿਲ੍ਹਾ ਪਟਿਆਲਾ ਵਲੋਂ 10 ਮਾਰਚ ,2024 ਨੂੰ ਪ੍ਰਭਾਤ ਪਰਵਾਨਾ ਟਰੇਡ ਯੂਨੀਅਨ ਸੈਂਟਰ ਵਿਖੇ ਆਯੋਜਿਤ ਸਨਮਾਨ ਸਮਾਰੋਹ ਵਿੱਚ ਸੈਣੀ ਭਵਨ ਰੂਪਨਗਰ ਦੇ ਚਾਰ ਮੈਂਬਰਾਂ-ਡਾ.ਅਜਮੇਰ ਸਿੰਘ, ਸ.ਬਲਬੀਰ ਸਿੰਘ ਸੈਣੀ, ਸ. ਰਜਿੰਦਰ ਸਿੰਘ ਗਿਰਨ ਅਤੇ ਸ਼੍ਰੀ ਜਗਦੇਵ ਸਿੰਘ ਨੇ ਹਾਜ਼ਰੀ ਭਰੀ। ਇਹ ਸਮਾਗਮ ਮਹਾਂ ਸਭਾ ਦੇ ਪ੍ਰਧਾਨ ਸ਼੍ਰੀ ਲਵਲੀਨ ਸੈਣੀ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਦੇ ਮੁਖ ਮਹਿਮਾਨ ਸ. ਬਲਬੀਰ ਸਿੰਘ ਸੈਣੀ ਸਿਹਤ ਮੰਤਰੀ ਪੰਜਾਬ ਸਨ। ਇਸ ਸਮੇਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਮੁੱਖ ਸੈਣੀ ਵਿਅਕਤੀ ਹਾਜ਼ਰ ਸਨ। ਇਸ ਸਮੇਂ ਵਕਤਾਵਾਂ ਨੇ ਸੈਣੀ ਬਰਾਦਰੀ ਦੀ ਏਕਤਾ ਅਤੇ ਸੰਗਠਨ 'ਤੇ ਜ਼ੋਰ ਦਿੰਦਿਆਂ ਰਾਜਨੀਤਿਕ ਪਾਰਟੀਆਂ ਤੋਂ ਚੋਣਾਂ ਸਮੇਂ ਸੈਣੀ ਬਰਾਦਰੀ ਦੇ ਵਿਅਕਤੀਆਂ ਨੂੰ ਟਿਕਟਾਂ ਦੇਣ ਦੀ ਅਪੀਲ ਕੀਤੀ। ਡਾ. ਅਜਮੇਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਸੈਣੀ ਭਵਨ ਰੂਪਨਗਰ ਦੀਆਂ ਸਮਾਜਸੇਵੀ ਕਾਰਵਾਈਆਂ 'ਤੇ ਚਾਨਣਾ ਪਾਉਂਦਿਆਂ ਸਾਰਿਆਂ ਨੂੰ ਸਾਰਥਿਕ ਕਾਰਜ ਕਰਨ ਦੀ ਅਪੀਲ ਕੀਤੀ। ਇਸ ਸਮੇਂ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਸ. ਬਲਬੀਰ ਸਿੰਘ ਸੈਣੀ ਨੂੰ 6 ਅਪ੍ਰੈਲ ਦੇ ਸਾਲਾਨਾ ਸਮਾਗਮ ਸਮੇਂ ਮੁੱਖ ਮਹਿਮਾਨ ਵਜੋਂ ਪਧਾਰਨ ਦੀ ਲਿਖਤੀ ਬੇਨਤੀ ਕੀਤੀ ਜਿਸ ਨੂੰ ਉਨ੍ਹਾਂ ਨੇ ਪ੍ਰਵਾਨ ਕਰ ਲਿਆ।



**ਸ਼੍ਰੀ ਨਾਇਬ ਸਿੰਘ ਸੈਣੀ ਦੇ ਹਰਿਆਣਾ ਸੂਬੇ ਦਾ ਮੁੱਖ ਮੰਤਰੀ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਅਤੇ ਵਧਾਈ :**

ਮਿਤੀ 13 ਮਾਰਚ, 2024 ਨੂੰ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਵਲੋਂ ਮੀਟਿੰਗ ਕਰ ਕੇ ਗੁਆਂਢੀ ਰਾਜ ਹਰਿਆਣਾ 'ਚ ਸ਼੍ਰੀ ਨਾਇਬ ਸਿੰਘ ਸੈਣੀ ਐਮ.ਪੀ ਕੁਰੂਕਸ਼ੇਤਰ ਦੇ ਮੁੱਖ ਮੰਤਰੀ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੀਟਿੰਗ ਦੌਰਾਨ ਦੇਸ਼ ਕਿਸੇ ਰਾਜ ਵਿੱਚ ਸੈਣੀ ਸਮਾਜ ਦੇ ਪਹਿਲੇ ਮੁੱਖ ਮੰਤਰੀ ਬਣਨ ਦੀ ਖੁਸ਼ੀ ਵਿੱਚ ਸਾਰਿਆਂ ਨੇ ਲੱਡੂਆਂ ਨਾਲ ਮੂੰਹ ਮਿੱਠਾ ਕੀਤਾ ਅਤੇ ਸੰਸਥਾ ਵਿੱਚ ਪੜ੍ਹਦੀਆਂ ਸਿਖਿਆਰਥਣਾਂ ਦਾ ਵੀ ਮੂੰਹ ਮਿੱਠਾ ਕਰਵਾਇਆ। ਇਸ ਮੀਟਿੰਗ ਵਿੱਚ ਸੈਣੀ ਭਵਨ ਰੂਪਨਗਰ ਦੇ ਸਮੂਹ ਟਰੱਸਟੀਆਂ ਅਤੇ ਪ੍ਰਬੰਧਕੀ ਕਮੇਟੀ ਮੈਂਬਰਾਂ ਤੋਂ ਇਲਾਵਾ ਸਾਬਕਾ ਐਡਵੋਕੇਟ ਜਨਰਲ ਪੰਜਾਬ ਸ. ਹਰਸਿਮਰ ਸਿੰਘ ਸਿੱਟਾ, ਸੈਣੀ ਮਹਾਂ ਸਭਾ ਪੰਜਾਬ ਦੇ ਸਰਪ੍ਰਸਤ ਸ. ਅਜਮੇਰ ਸਿੰਘ ਕੋਟਲਾ, ਇਤਿਹਾਸ ਦੇ ਖੋਜੀ ਤੇ ਸਮਾਜਸੇਵੀ ਸ.ਸ਼ਮਿੰਦਰ ਸਿੰਘ ਭੱਕੂਮਾਜਰਾ ਅਤੇ ਸ.ਅਮਨਦੀਪ ਸਿੰਘ ਸੈਣੀ ਜਲਬਚਾਉ ਕਾਰਜਕਰਤਾ ਵੀ ਸ਼ਾਮਿਲ ਹੋਏ। ਇਸ ਵਿੱਚ ਸਾਰੇ ਵਕਤਾਵਾਂ ਨੇ ਨਾਇਬ ਸੈਣੀ



ਜੀ ਨੂੰ ਵਧਾਈ ਦਿੰਦਿਆਂ ਇਸ ਪ੍ਰਾਪਤੀ ਨੂੰ ਸਾਰੀ ਸੈਣੀ ਬਰਾਦਰੀ ਲਈ ਮਾਣ ਅਤੇ ਖੁਸ਼ੀ ਦੀ ਗੱਲ ਕਿਹਾ। ਇਸ ਮੌਕੇ ਸਾਰਿਆਂ ਨੇ ਅਨੁਭਵ ਕੀਤਾ ਕਿ ਪੰਜਾਬ ਵਿੱਚ ਸੈਣੀ ਬਰਾਦਰੀ ਦੀ ਰਾਜਨੀਤਿਕ ਖੇਤਰ ਵਿੱਚ ਪ੍ਰਾਪਤੀ ਨਾਮਾਤਰ ਹੀ ਹੈ ਜਿਸ ਲਈ ਇਸ ਦੀਆਂ ਭਿੰਨ ਭਿੰਨ ਜਥੇਬੰਦੀਆਂ ਨੂੰ ਇੱਕੱਠੇ ਕਰਨ ਦੀ ਅਤਿਅੰਤ ਲੋੜ ਹੈ ਤਾਂ ਜੋ ਰਾਜਨੀਤਿਕ ਪਾਰਟੀਆਂ 'ਤੇ ਦਬਾਅ ਬਣਾਇਆ ਜਾ ਸਕੇ। ਸੈਣੀ ਭਵਨ ਦੇ ਪ੍ਰਬੰਧਕਾਂ ਨੇ 29 ਮਾਰਚ ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਜਾ ਕੇ ਵਧਾਈ ਦਿੱਤੀ।

### ਮੀਟਿੰਗਾਂ

ਬੀਤੇ ਹਰ ਮਹੀਨੇ ਵਿੱਚ ਹੋਈ ਆਮਦਨ, ਇਨ੍ਹਾਂ 'ਤੇ ਹੋਏ ਖਰਚਾਂ ਅਤੇ ਕੀਤੇ ਕਾਰਜਾਂ ਦੀ ਸੂਚਨਾ ਕਮੇਟੀ ਮੈਂਬਰਾਂ ਨੂੰ ਦੇਣ, ਇਨ੍ਹਾਂ ਦੀ ਪ੍ਰਵਾਨਗੀ ਲੈਣ ਲਈ ਅਤੇ ਅਗਲੇ ਮਹੀਨੇ ਲਈ ਤਜ਼ਵੀਜਿਤ ਕੰਮਾਂ ਬਾਰੇ ਸਲਾਹ ਮਸ਼ਵਰਾ ਕਰਨ ਦੇ ਮੰਤਵ ਨਾਲ ਹਰ ਮਹੀਨੇ ਕਮੇਟੀ ਮੈਂਬਰਾਂ ਦੀ ਮਾਸਿਕ ਮੀਟਿੰਗ ਕੀਤੀ ਜਾਂਦੀ ਹੈ। ਇਨ੍ਹਾਂ ਮੀਟਿੰਗਾਂ ਸਮੇਂ ਉਨ੍ਹਾਂ ਕਮੇਟੀ ਮੈਂਬਰਾ ਦੇ ਜਨਮ ਦਿਨ ਵੀ ਮਨਾਏ ਜਾਂਦੇ ਹਨ ਜਿਨ੍ਹਾਂ ਦੇ ਜਨਮ ਇਨ੍ਹਾਂ ਮਹੀਨਿਆਂ ਵਿੱਚ ਹੋਏ ਸਨ। ਜਨਵਰੀ, ਫਰਬਰੀ ਅਤੇ ਮਾਰਚ 2024 ਦੌਰਾਨ ਵੀ ਇਹ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ 17 ਫਰਵਰੀ, 2024 ਨੂੰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਟਰੱਸਟੀਆਂ ਦੀ ਸਾਲਾਨਾ ਮੀਟਿੰਗ ਵੀ ਕੀਤੀ ਗਈ ਜਿਸ ਵਿੱਚ ਸਾਲ 2023 ਦੀਆਂ ਗਤੀਵਿਧੀਆਂ, ਹੋਈ ਆਮਦਨ ਅਤੇ ਖਰਚੇ ਦੀ ਜਾਣਕਾਰੀ ਦਿੱਤੀ ਗਈ ਅਤੇ 2024 ਦੀਆਂ ਕਾਰਵਾਈਆਂ ਸਬੰਧੀ ਸਲਾਹਾਂ ਕੀਤੀਆਂ ਗਈਆਂ।

### ਪੁਰਜ਼ੋਰ ਅਪੀਲ

ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਐੱਮ.ਪੀ. ਸ਼੍ਰੀ ਮੁਨੀਸ਼ ਤਿਵਾੜੀ ਜੀ ਵੱਲੋਂ ਐੱਮ.ਪੀ. ਲੈਂਡ ਸਕੀਮ ਅਧੀਨ ਦਿੱਤੀ 5 ਲੱਖ ਦੀ ਰਾਸ਼ੀ ਨਾਲ ਹਾਲ ਕਮਰੇ ਵਿੱਚ ਵਾਧੇ ਲਈ ਉਸਾਰੀ ਚੱਲ ਰਹੀ ਹੈ। ਇਸਨੂੰ ਪੂਰਾ ਕਰਨ ਲਈ ਹੋਰ ਰਾਸ਼ੀ ਦੀ ਜ਼ਰੂਰਤ ਹੈ। ਸਮਾਜ ਦੇ ਦਾਨੀ ਪੁਰਸ਼ਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਸਮਰੱਥਾ ਅਨੁਸਾਰ ਵਿੱਤੀ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

### ਵਧਾਈ

ਸ. ਗੁਰਦੀਪ ਸਿੰਘ ਵਾਸੀ ਆਦਰਸ਼ ਨਗਰ, ਬੰਗਾ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਦੇ ਪਲੇਠੇ ਗਜ਼ਲ ਸੰਗ੍ਰਿਹ "ਔੜ ਤੇ ਬਰਸਾਤ" ਦਾ ਲੋਕ ਅਰਪਣ ਮਿਤੀ 3 ਫਰਵਰੀ 2024 ਨੂੰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਸਾਹਿਤ ਕਲਾ ਅਤੇ ਸਭਿਆਚਾਰਕ ਮੰਚ (ਰਜਿ.) ਵੱਲੋਂ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਸੁਲੱਖਣ ਸਰਹੱਦੀ, ਪ੍ਰੋ. ਸੰਧੂ ਵਰਿਆਣਵੀ ਅਤੇ ਡ. ਬਲਦੇਵ ਸਿੰਘ ਬੱਧਣ ਸ਼ਾਮਿਲ ਸਨ।

## Donors of Saini Bhawan during the months January-March, 2024

A) To Kaka Ram Saini Charitable Trust for Social Activities-

1. Trust for welfare of Vanjaras and other Weaker Sections , 1030 Sector 59, Mohali = Rs. 15000/
2. S. Sukhdev Singh Rtd. Headmaster, # Preet colony Rupnagar= Rs. 11000/
3. S. Bikramjit Singh (Retd. I.A.S.), # 1047, 27B, Chdandigarh = Rs.
4. S. Manmohan Singh # Giani Zail Singh Nagar Rupnagar = Rs. 2500/
5. S. Parduman Singh Rtd Bank Emploee # Rupnagar = Rs. 500/

B) To Saini Charitable Education Trust For Scholarships to deserving students-

1. S. Terjindermeet Singh from Pune = Rs. 25000/
2. Dr. Harcharan Dass Sair Rtd. Distt.Education Officer # Govind Valley Rupnagar= Rs. 21000/

❊ ❊ ❊ ❊ ❊

**New Five Year Member of Saini Sansar**

Continued from Page 34 of 51st Issue

1125. **S. Manmohan Singh**
# 504, GZS Nagar, Ropar

1126. **S. Amrik Hamraj**
VPO Bagwain, Teh. Garhshankar

1127. **S. Mohinder Singh (Rs. 1100/)**
Saini Mohalla, Banga Road, Phagwara

1128. **S. Narinder Singh Saini**
# 36, Kirti Vihar, Ropar

1129 **S. Charnjit Singh Girn**
Sheikhan Mohalla, Ropar

1130. **Jagat Ram Saini**
VPO Dobota, Teh. Nalagarh (HP)



# ਉਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ

ਰਾਜਿੰਦਰ ਸਿੰਘ ਨਨੂੰਆਂ
ਸੈਣੀ ਭਵਨ ਰੂਪਨਗਰ

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਅਤੇ ਸਤਲੁਜ ਦਰਿਆ ਦੇ ਕੰਢੇ ਪਵਿੱਤਰ ਅਤੇ ਵਿਸਮਾਦੀ ਪਾਣੀ ਨਾਲ ਛੂੰਹਦੇ ਹਵਾ ਦੇ ਬੁੱਲਿਆਂ ਨਾਲ ਠੰਢੇ ਝੋਕਿਆਂ ਨੂੰ ਮਾਣਨ ਵਾਲੇ ਰੋਪੜ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਬਹਾਦਰਪੁਰ ਦੇ ਸੈਣੀ ਬਰਾਦਰੀ ਨਾਲ ਸਬੰਧਤ ਇਕ ਸੰਯੁਕਤ ਪਰਿਵਾਰ ਨੇ ਮਿਲ ਕੇ ਇਕ ਅਜਿਹਾ ਕਾਰੋਬਾਰ ਕਰਨ ਦਾ ਉੱਦਮ ਕਰਕੇ ਪਿਤਾ ਪੁਰਖੀ ਕਿਰਸਾਨੀ ਕਿੱਤੇ ਦੇ ਸਹਾਇਕ ਧੰਦੇ ਡੇਅਰੀ ਫਾਰਮਿੰਗ ਨੂੰ ਇਕ ਮੁੱਖ ਧੰਦਾ ਬਣਾਇਆ, ਜਿਸ ਦੀ ਸਫ਼ਲਤਾ ਨਾਲ ਨਾ ਸਿਰਫ਼ ਪਰਿਵਾਰ ਨੇ ਹੀ ਸਫ਼ਲਤਾ ਦੀਆਂ ਬੁਲੰਦੀਆਂ ਛੋਹੀਆਂ  ਬਲਕਿ ਵੰਡ ਛਕੋ ਦੇ ਸਿੱਖ ਧਰਮ ਦੇ ਮਹਾਨ ਫ਼ਲਸਫ਼ੇ 'ਤੇ ਅਮਲ ਕਰਦਿਆਂ ਸਮੁੱਚੇ ਪਿੰਡ ਨੂੰ ਵੀ ਇਸ ਤੋਂ ਮਿਲਣ ਵਾਲੇ ਲਾਭ ਦਾ ਭਾਈਵਾਲ ਬਣਾਇਆ ਅਤੇ ਆਪਣੇ ਪਿੰਡ ਦਾ ਨਾਮ ਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ।

ਪੰਜਾਬ ਵਿਚ 2 ਹੈਕਟਰ (ਪੰਜ ਏਕੜ) ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਛੋਟੇ ਕਿਸਾਨ ਮੰਨਿਆ ਜਾਂਦਾ ਹੈ ਅਜਿਹੇ ਕਿਸਾਨਾਂ ਦੀ ਗਿਣਤੀ ਲੱਗਭੱਗ 1.83 ਲੱਖ ਹੈ ਜੋ ਕੁੱਲ ਕਿਸਾਨਾਂ ਦਾ 16.7% ਬਣਦਾ ਹੈ। ਪੰਜਾਬ ਵਿਚ ਪ੍ਰਤਿ ਪਰਿਵਾਰ ਜ਼ਮੀਨ ਘਟਣ ਦਾ ਮੁੱਖ ਕਾਰਨ ਇਕਹਿਰੇ ਪਰਿਵਾਰ ਵੀ ਹਨ ਅਤੇ ਦੂਜਾ ਕਿਸਾਨੀ ਦਾ ਖੇਤੀਬਾੜੀ ਵਿਚੋਂ ਘੱਟ ਮੁਨਾਫ਼ਾ ਹੋਣ ਕਾਰਨ ਦੂਜੇ ਕਿੱਤਿਆਂ ਵੱਲ ਹੋਣਾ, ਅਤੇ ਪਲਾਇਨ ਕਰਕੇ ਵਿਦੇਸ਼ ਵਿਚ ਵੱਸਣਾ, ਸਰਕਾਰੀ ਨੌਕਰੀ, ਟਰਾਂਸਪੋਰਟ ਜਾਂ ਵਪਾਰ ਵਿਚ ਪੈਣ ਕਾਰਨ ਵੀ ਖੇਤੀਬਾੜੀ ਵਿਚ ਰੁਝਾਨ ਦਾ ਘੱਟ ਜਾਣਾ ਸੁਭਾਵਕ ਹੈ।

ਲੇਕਿਨ ਸਭ ਹਾਲਾਤਾਂ ਦੇ ਉਲਟ 4 ਏਕੜ ਦੇ ਮਾਲਕ ਇਕ ਛੋਟੇ ਕਿਸਾਨ ਸਰਦਾਰ ਰਾਮ ਸਿੰਘ ਦੇ ਪੁੱਤਰਾਂ ਅਤੇ ਨੂੰਹਾਂ ਵਲੋਂ ਸੰਯੁਕਤ ਪਰਿਵਾਰ ਦੀ ਪਰੰਪਰਾ ਦੀ ਰਵਾਇਤ ਕਾਇਮ ਰੱਖਦੇ ਹੋਏ, ਆਪਣੇ ਪਿਤਾ ਦੇ ਨਾਮ 'ਤੇ ਆਰ.ਐਸ.ਫਾਰਮ ਦੇ ਨਾਮਕਰਨ ਹੇਠ ਇਕ ਸਫ਼ਲ ਡੇਅਰੀ ਫਾਰਮਿੰਗ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਡੇਅਰੀ ਫਾਰਮ ਦੀ ਸ਼ੁਰੂਆਤ ਬੀਬੀ ਕੁਲਦੀਪ ਕੌਰ ਅਤੇ ਸ. ਦਿਲਬਾਰ ਸਿੰਘ (ਪਤੀ ਪਤਨੀ) ਵਲੋਂ ਆਪਣੇ ਭਰਾਵਾਂ ਨਾਲ ਮਿਲ ਕੇ ਸਾਲ 2010 ਵਿਚ 65 ਗਾਵਾਂ ਨਾਲ ਕੀਤੀ। ਇਸ ਫਾਰਮ ਦੀ ਮਲਕੀਅਤ ਤਿੰਨ ਦਰਾਣੀਆਂ ਜਠਾਣੀਆਂ ਬੀਬੀ ਕੁਲਦੀਪ ਕੌਰ ਪਤਨੀ ਸ੍ਰ: ਦਿਲਬਾਰ ਸਿੰਘ, ਬੀਬੀ ਸੁਖਵਿੰਦਰ ਕੌਰ ਪਤਨੀ ਸ੍ਰ: ਸੀਤਲ ਸਿੰਘ ਅਤੇ ਬੀਬੀ ਸਰਬਜੀਤ ਕੌਰ ਪਤਨੀ ਸ੍ਰ: ਬਲਬੀਰ ਸਿੰਘ ਕੋਲ ਹੈ। ਇਸ ਸਮੇ ਬੀਬੀ ਸਰਬਜੀਤ ਕੌਰ ਦਾ ਪੁਤਰ ਗਗਨਦੀਪ ਸਿੰਘ ਇਸ ਦਾ ਪ੍ਰਬੰਧ ਬੜੇ ਹੀ ਸੁਚੱਜੇ ਤਰੀਕੇ ਨਾਲ ਸੰਭਾਲ ਰਿਹਾ ਹੈ। ਗਗਨਦੀਪ ਸਿੰਘ ਇਕ ਬਹੁਤ ਹੀ ਮਿਲਣਸਾਰ, ਸਲੀਕੇ ਨਾਲ ਮਿਲਣ ਵਾਲਾ ਅਤੇ ਹਰ ਗੱਲ ਨੂੰ ਬੜੀ ਸੰਜੀਦਗੀ ਅਤੇ ਪੁਖਤਾ ਤਰੀਕੇ ਨਾਲ ਕਰਨ ਵਾਲਾ ਨੌਜਵਾਨ ਹੈ। ਉਸ ਦੀ ਗੱਲਬਾਤ ਵਿੱਚੋਂ ਕੰਮ ਪ੍ਰਤੀ ਮੁਹਾਰਤ, ਗਿਆਨ ਅਤੇ ਤਜਰਬੇ ਦੀ ਝਲਕ ਸਹਿਜੇ ਹੀ ਪੈਂਦੀ  ਹੈ।

ਆਰ.ਐਸ. ਫਾਰਮ ਵਿਚ ਇਸ ਸਮੇਂ ਦੁੱਧ ਦੇਣ ਵਾਲੀਆਂ ਕੁਲ 130 ਗਾਵਾਂ ਹਨ ਜਿਨ੍ਹਾਂ ਦੀ ਸਾਂਭ ਸੰਭਾਲ ਲਈ 4 ਪੱਕੇ ਕਾਮੇ ਰੱਖੇ ਹੋਏ ਹਨ। ਗਾਵਾਂ ਦੀ ਸਿਹਤ ਸੰਭਾਲ ਲਈ ਇਲਾਕੇ ਦੇ ਦੋ ਵੈਟਰਨਰੀ ਡਾਕਟਰਾਂ ਨਾਲ ਪੱਕਾ ਰਾਬਤਾ ਰੱਖਿਆ ਹੋਇਆ ਹੈ ਜੋ ਲੋੜ ਪੈਣ ਤੇ ਡਾਕਟਰੀ ਸਹਾਇਤਾ ਪ੍ਰਦਾਨ ਕਰਦੇ ਹਨ। ਇਸ ਡੇਅਰੀ ਫਾਰਮ ਵਿਚ ਐਚ.ਐਫ. ਜਰਸੀ ਅਤੇ ਜਰਸੀ ਨਸਲ ਦੀਆਂ ਗਾਵਾਂ ਹੀ ਮੁੱਖ ਤੌਰ 'ਤੇ ਰੱਖੀਆਂ ਹੋਈਆਂ ਹਨ ਪਰ ਨੇੜਲੇ ਭਵਿੱਖ ਵਿਚ ਕੁਝ ਸਾਹੀਵਾਲ ਨਸਲ ਦੀਆਂ ਗਾਵਾਂ ਵੀ ਰੱਖਣ ਦਾ ਵਿਚਾਰ ਹੈ। ਗਾਵਾਂ ਐਚ.ਐਫ.ਜਰਸੀ ਨਸਲ ਹਾਲੈਂਡ ਨਾਲ ਸਬੰਧਤ ਹਨ ਅਤੇ ਜਰਸੀ ਨਸਲ ਜਰਮਨੀ ਨਾਲ ਸਬੰਧਤ ਹੈ। ਇਨ੍ਹਾਂ ਗਾਵਾਂ ਨੂੰ ਮਸਨੂਈ ਤਰੀਕੇ ਨਾਲ ਗਰਭਦਾਨ ਕਰਵਾਇਆ ਜਾਂਦਾ ਹੈ ਜਿਸ ਨਾਲ ਆਮ ਤੌਰ 'ਤੇ ਵੱਛੀਆਂ ਹੀ ਪੈਦਾ ਹੁੰਦੀਆਂ ਹਨ। ਤਕਰੀਬਨ 5 ਜਾਂ 6 ਸੂਏ ਦੇਣ ਤੋਂ ਬਾਅਦ ਗਾਵਾਂ ਨੂੰ ਵੇਚ ਦਿੱਤਾ ਜਾਂਦਾ ਹੈ। ਫਾਰਮ ਵਿਚ ਆਪਣੀਆਂ ਹੀ ਵੱਛੀਆਂ ਨੂੰ ਗਾਵਾਂ ਵਜੋਂ ਤਿਆਰ ਕਰ ਲਿਆ ਜਾਂਦਾ ਹੈ। ਫਾਰਮ ਨੂੰ ਤਿੰਨ ਸੈਕਟਰਾਂ ਵਿਚ ਵੰਡਿਆ ਹੋਇਆ ਹੈ। ਇਕ ਵਿਚ ਛੋਟੀਆਂ ਵੱਛੀਆਂ, ਦੂਜੇ ਵਿਚ ਦੁੱਧ ਦੇਣ ਵਾਲੀਆਂ ਗਾਵਾਂ ਅਤੇ ਤੀਜੇ ਵਿਚ ਸੂਣ ਵਾਲੀਆਂ ਗਾਵਾਂ ਨੂੰ ਰੱਖਿਆ ਜਾਂਦਾ ਹੈ। ਸਾਰਾ ਦੁੱਧ ਮਸ਼ੀਨਾਂ ਦੀ ਮਦਦ ਨਾਲ ਦਿਨ ਵਿਚ ਦੋ ਵਾਰ ਚੋਇਆ ਜਾਂਦਾ ਹੈ। ਇਸ ਫਾਰਮ ਵਿਚ ਦੁੱਧ ਦੀ ਔਸਤ ਪੈਦਾਵਾਰ 21ਕਿੱਲਗ੍ਰਾਮ ਪ੍ਰਤੀ ਪਸ਼ੂ ਹੈ ਅਤੇ ਇਹ ਸਾਰਾ ਦੁੱਧ ਵੇਰਕਾ ਮਿਲਕ ਪਲਾਂਟ ਨੂੰ ਸਪਲਾਈ ਕੀਤਾ ਜਾਂਦਾ ਹੈ।




ਇਨ੍ਹਾਂ ਗਾਵਾਂ ਨੂੰ ਹਰੇ ਚਾਰੇ ਦੇ ਨਾਲ ਨਾਲ ਮੱਕੀ ਦੇ ਚਾਰੇ ਦਾ ਆਚਾਰ, ਤੂੜੀ ਆਦਿ ਵੀ ਖਾਣ ਲਈ ਦਿੱਤੀ ਜਾਂਦੀ ਹੈ। ਇਨ੍ਹਾਂ ਪਸ਼ੂਆਂ ਨੂੰ ਬਾਜਾਰੀ ਫੀਡ ਦੀ ਬਜਾਏ ਆਪਣੀ ਤਿਆਰ ਕੀਤੀ ਫੀਡ ਦਿੱਤੀ ਜਾਂਦੀ

ਹੈ ਜਿਸ ਲਈ ਫਾਰਮ ਵਿਚ ਆਪਣਾ ਵੀ ਵੱਖਰਾ ਪਲਾਂਟ ਲਗਾਇਆ ਹੋਇਆ ਹੈ। ਫਾਰਮ ਵਿਚ ਚਾਰਾ ਮਿਕਸ ਕਰਨ ਲਈ ਇਕ ਵਿਸ਼ੇਸ਼ ਮਸ਼ੀਨ ਇਟਲੀ ਤੋਂ ਮੰਗਵਾਈ ਹੋਈ ਹੈ। ਸਾਰੇ ਪਸ਼ੂਆਂ ਦਾ ਗੋਹਾ ਅਤੇ ਮਤਰਾਲ ਇਕ ਪਾਇਪ ਰਾਹੀਂ ਗੋਬਰ ਗੈਸ ਦੇ ਚੈਂਬਰ ਵਿਚ ਚਲਾ ਜਾਂਦਾ ਹੈ ਜਿਥੋਂ ਇਕ ਵੱਡੀ ਪਾਇਪ ਰਾਹੀਂ ਸਾਰੇ ਪਿੰਡ ਨੂੰ ਗੋਬਰ ਗੈਸ ਦੀ ਸਪਲਾਈ ਦਿਨ ਵਿਚ ਤਿੰਨ ਵਾਰ ( ਸਵੇਰੇ ਦੁਪਿਹਰੇ ਅਤੇ ਸ਼ਾਮ) 2-2 ਘੰਟੇ ਲਈ ਮੁਫਤ ਕੀਤੀ ਜਾਂਦੀ ਹੈ। ਇਸ ਸਦਕਾ ਸੰਨ 2015 ਵਿੱਚ ਭਾਰਤ ਸਰਕਾਰ ਨੇ ਪਿੰਡ ਬਹਾਦੁਰਪੁਰ ਨੂੰ ਉਤਮ ਪਿੰਡ ਵਜੋਂ ਸਨਮਾਨਿਤ ਕੀਤਾ ਸੀ।

ਬਹਾਦਰਪੁਰ ਦੇ ਇਸ ਵਿਕਸਿਤ ਡੈਅਰੀ ਫਾਰਮ ਨੂੰ ਵੇਖਣ ਅਤੇ ਸਿੱਖਣ ਲਈ ਪੰਜਾਬ ਅਤੇ ਦੇਸ਼ ਦੇ ਵੱਖ ਵੱਖ ਇਲਾਕਿਆਂ ਤੋਂ ਸੰਸਥਾਵਾਂ ਦੇ ਨੁਮਾਇੰਦੇ ਆਉਂਦੇ ਰਹਿੰਦੇ ਹਨ ਜਿਨ੍ਹਾਂ ਵਿੱਚੋਂ ਆਈ.ਆਈ.ਟੀ ਰੂਪਨਗਰ, ਕੈਬਰਿਜ ਯੂਨੀਵਰਸਿਟੀ ਦੇ ਪ੍ਰੋਫੈਸਰ, ਗੁਰੂ ਅੰਗਦ ਦੇਵ ਪਸ਼ੂ ਯੂਨੀਵਰਸਿਟੀ ਲੁਧਿਆਣਾ ਦੇ ਵਿਦਿਆਰਥੀ, ਨੈਸ਼ਨਲ ਡੇਅਰੀ ਵਿਕਾਸ ਦੇ ਵਿਗਿਆਨੀ, ਹਿਮਾਚਲ ਦੀ ਖੇਤੀ ਯੂਨੀਵਰਸਿਟੀ ਦੇ ਵਿਦਿਆਰਥੀ, ਪੰਜਾਬ ਮਿਲਕ ਫੈਡ ਦੇ ਅਧਿਕਾਰੀ, ਨਿਪਾਲ ਦੇ ਕਿਸਾਨ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਜਿਹੇ ਜ਼ਿਲ੍ਹਾ ਪੱਧਰੀ ਅਧਿਕਾਰੀ ਸ਼ਾਮਲ ਹਨ। ਇਹ ਫਾਰਮ ਆਪਣੀਆਂ ਪ੍ਰਾਪਤੀਆਂ ਸਦਕਾ ਅਖਬਾਰਾਂ ਦੀ ਸੁਰਖੀਆਂ ਵਿੱਚ ਰਹਿੰਦਾ ਹੈ। ਆਰ.ਐਸ.ਡੇਅਰੀ ਫਾਰਮ ਨੂੰ ਭਾਰਤ ਸਰਕਾਰ ਵਲੋਂ ਭਾਰਤ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਸ੍ਰੀ ਰਾਧਾ ਮੋਹਣ ਸਿੰਘ ਜੀ ਵਲੋਂ 31 ਦਸੰਬਰ, 2018 ਨੂੰ ਕਰਿਸ਼ਕ ਗੌਰਵ ਸਨਮਾਨ ਨਾਲ ਸਨਮਾਨਤ ਕੀਤਾ ਗਿਆ ਸੀ। ਹੁਣ ਇੰਡੀਅਨ ਡੇਅਰੀ ਐਸੋਸੀਏਸ਼ਨ ਵਲੋਂ ਸ੍ਰੀਮਤੀ ਕੁਲਦੀਪ ਕੌਰ ਪਤਨੀ ਸ੍ਰ: ਦਿਲਬਾਰ ਸਿੰਘ ਨੂੰ ਭਾਰਤੀ ਡੇਅਰੀ ਸੈਕਟਰ ਵਿਚ ਪਾਏ ਗਏ ਵਿਸ਼ੇਸ ਯੋਗਦਾਨ ਵਜੋਂ ਪਹਿਲਾ ਇਨਾਮ ਦੇ ਕੇ ਮਿਤੀ 4 ਮਾਰਚ, 2024 ਨੂੰ ਹੈਦਰਾਬਾਦ (ਤੇਲੰਗਾਨਾ) ਵਿਚ ਸਨਮਾਨਤ ਕੀਤਾ ਗਿਆ। ਇਹ ਆਸ ਕੀਤੀ ਜਾਂਦੀ ਹੈ ਕਿ ਪਿੰਡ ਬਹਾਦਰਪੁਰ ਦੇ ਇਸ ਉਦਮੀ ਪਰਿਵਾਰ ਤੋਂ ਸੇਧ ਲੈ ਕੇ ਇਲਾਕੇ ਦੇ ਹੋਰ ਉਦਮੀ ਵੀ ਅਜਿਹੇ ਹੋਰ ਵਿਲੱਖਣ ਕਾਰਜ ਕਰਕੇ ਆਪਣਾ ਅਤੇ ਇਲਾਕੇ ਦਾ ਨਾਮ ਰੌਸਨ ਕਰ ਸਕਦੇ ਹਨ।

❋ ❋ ❋ ❋ ❋

## ਵਧਾਈ ਅਤੇ ਧੰਨਵਾਦ



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਸੈਣੀ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਨੇ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆਂ ਹੈ। ਇਸ ਨਾਲ ਸਾਰੀ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

## ਸੁਖੀ ਬੁਢਾਪੇ ਦੀ ਜੀਵਨ ਕਲਾ

ਪ੍ਰਸਿੱਧ ਯੂਨਾਨੀ ਦਾਰਸ਼ਨਿਕ ਸੁਕਰਾਤ ਹਮੇਸ਼ਾਂ ਲੋਕਾਂ ਵਿਚਕਾਰ ਘੁੰਮਦੇ ਰਹਿੰਦੇ ਸਨ। ਲੋਕ-ਸੰਪਰਕ ਦੀ ਕਲਾ ਦੇ ਉਹ ਮਾਹਰ ਸਨ। ਇਕ ਦਿਨ ਨਗਰ ਵਿੱਚ ਘੁੰਮਦਿਆਂ ਉਨ੍ਹਾਂ ਦੀ ਇਕ ਬਜ਼ੁਰਗ ਨਾਲ ਮੁਲਾਕਾਤ ਹੋਈ ਤਾਂ ਉਸ ਨਾਲ ਉਨ੍ਹਾਂ ਨੇ ਆਪਣੀ ਆਦਤ ਅਨੁਸਾਰ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਬਜ਼ੁਰਗ ਤੋਂ ਉਸ ਦੀ ਪਹਿਲੀ ਜ਼ਿੰਦਗੀ ਬਾਰੇ ਜਾਣਕਾਰੀ ਹਾਸਿਲ ਕੀਤੀ। ਪੂਰੀ ਗੱਲ ਸੁਣਨ ਤੋਂ ਬਾਅਦ ਸੁਕਰਾਤ ਨੇ ਕਿਹਾ, " ਤੁਹਾਡਾ ਪਿਛਲਾ ਜੀਵਨ ਤਾਂ ਸਫ਼ਲ ਅਤੇ ਸਾਰਥਿਕ ਰਿਹਾ ਹੈ ਪਰ ਹੁਣ ਬੁਢਾਪੇ ਦਾ ਕੀ ਹਾਲ ਹੈ?" ਬਜ਼ੁਰਗ ਸੱਜਣ ਨੇ ਜਵਾਬ ਦਿੱਤਾ, "ਦੇਖੋ! ਪੂਰੀ ਜ਼ਿੰਦਗੀ ਮਿਹਨਤ ਕਰ ਕੇ ਜੋ ਧਨ ਤੇ ਨਾਮ ਕਮਾਇਆ, ਉਹ ਸਾਰਾ ਸੰਤਾਨ ਨੂੰ ਸੌਂਪ ਦਿੱਤਾ ਹੈ। ਹੁਣ ਬੱਚੇ ਜਿੱਥੇ ਬੈਠਾਂਦੇ ਹਨ-ਬੈਠਦਾ ਹਾਂ, ਜੋ ਖਾਣ ਨੂੰ ਦਿੰਦੇ ਹਨ- ਖਾਂਦਾ ਹਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਖਿਡਾਂਦਾ ਹਾਂ। ਉਨ੍ਹਾਂ ਦੇ ਕਿਸੇ ਵੀ ਕੰਮ ਵਿੱਚ ਅੜਿਕਾ ਨਹੀਂ ਡਾਹੁੰਦਾ। ਉਨ੍ਹਾਂ ਦੀ ਕੋਈ ਗਲਤੀ ਵੀ ਹੋਵੇ ਤਾਂ ਮੈਂ ਚੁੱਪ ਰਹਿੰਦਾ ਹਾਂ, ਜਦੋਂ ਉਹ ਸਲਾਹ ਪੁੱਛਦੇ ਹਨ ਉਦੋਂ ਹੀ ਸਲਾਹ ਦਿੰਦਾ ਹਾਂ ਅਤੇ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦਾ ਹਾਂ। ਪਰ ਇਸ ਤੋਂ ਬਾਅਦ ਉਨ੍ਹਾਂ ਨੇ ਮੇਰੀ ਸਲਾਹ ਮੰਨੀ ਹੈ ਜਾਂ ਨਹੀਂ, ਇਸ ਦੀ ਚਿੰਤਾ ਨਹੀਂ ਕਰਦਾ ਅਤੇ ਨਾਂ ਹੀ ਇਸ ਲਈ ਜ਼ਿਦ ਕਰਦਾ ਹਾਂ। ਉਹ ਆਪਣੀ ਗਲਤੀ ਦੁਹਰਾਉਣ ਤਾਂ ਵੀ ਟੋਕਦਾ ਨਹੀਂ ਪਰ ਦੁਬਾਰਾ ਸਲਾਹ ਮੰਗਣ ਤਾਂ ਇਨਕਾਰ ਨਹੀਂ ਕਰਦਾ"।

ਬਜ਼ੁਰਗ ਦੀ ਗੱਲ ਸੁਣ ਕੇ ਸੁਕਰਾਤ ਖੁਸ਼ ਹੋ ਕੇ ਬੋਲੇ, "ਬੁਢਾਪੇ ਵਿੱਚ ਕਿਸ ਢੰਗ ਨਾਲ ਜਿਉਣਾ ਹੈ, ਇਹ ਕਲਾ ਤੈਨੂੰ ਆ ਗਈ ਹੈ"। ( ਹਿੰਦੀ ਪੁਸਤਿਕਾ 'ਜੀਵਨ ਸੰਧਿਆ ਕਾ ਸਵਾਗਤ' ਵਿੱਚੋਂ) ਕਿਉਂ ਵਿਅਰਥ ਚਿੰਤਾ ਕਰਦੇ ਹੋ? ਕਿਸ ਤੋਂ ਵਿਅਰਥ ਡਰਦੇ ਹੋ? ਕੌਣ ਤੈਨੂੰ ਮਾਰ ਸਕਦਾ ਹੈ? ਆਤਮਾ ਨਾ ਪੈਦਾ ਹੁੰਦੀ ਹੈ ਤੇ ਨਾ ਮਰਦੀ ਹੈ।... ਜੋ ਹੋਇਆ ਉਹ ਚੰਗਾ ਹੋਇਆ। ਜੋ ਹੋ ਰਿਹਾ ਹੈ ਉਹ ਚੰਗਾ ਹੋ ਰਿਹਾ ਹੈ। ਜੋ ਹੋਏਗਾ ਉਹ ਵੀ ਚੰਗਾ ਹੋਏਗਾ। ਤੁਸੀਂ ਬੀਤੇ ਦਾ ਪਛਤਾਵਾ ਅਤੇ ਆਉਣ ਵਾਲੇ ਸਮੇਂ ਦਾ ਫ਼ਿਕਰ ਨਾ ਕਰੋ। ਵਰਤਮਾਨ ਚੱਲ ਰਿਹਾ ਹੈ।...ਤੁਹਾਡਾ ਕੀ ਗਿਆ ਜੋ ਤੁਸੀਂ ਰੋ ਰਹੇ ਹੋ? ਤੁਸੀਂ ਕੀ ਲੈ ਕੇ ਆਏ ਸੀ ਜਿਹੜਾ ਤੁਸੀਂ ਗੁਆ ਲਿਆ? ਤੁਸੀਂ ਕੀ ਪੈਦਾ ਕੀਤਾ ਸੀ ਜੋ ਨਾਸ਼ ਹੋ ਗਿਆ? ... ਖਾਲੀ ਹੱਥ ਆਏ, ਖਾਲੀ ਹੱਥ ਚੱਲੇ। ਜੋ ਅੱਜ ਤੁਹਾਡਾ ਹੈ ਕੱਲ ਕਿਸੇ ਹੋਰ ਦਾ ਸੀ, ਪਰਸੋਂ ਕਿਸੇ ਹੋਰ ਦਾ ਹੋਵੇਗਾ। ਤੁਸੀਂ ਇਸ ਨੂੰ ਆਪਣਾ ਸਮਝ ਕੇ ਖੁਸ਼ ਹੋ ਰਹੇ ਹੋ। ਬੱਸ ਇਹੀ ਖੁਸ਼ੀ ਤੁਹਾਡੇ ਦੁੱਖ ਦਾ ਕਾਰਨ ਹੈ।...ਤਬਦੀਲੀ ਸੰਸਾਰ ਦਾ ਨਿਯਮ ਹੈ, ਜਿਸ ਨੂੰ ਤੁਸੀਂ ਮੌਤ ਸਮਝਦੇ ਹੋ ਉਹੀ ਤਾਂ ਜੀਵਨ ਹੈ।...ਨਾ ਇਹ ਸਰੀਰ ਤੁਹਾਡਾ ਹੈ, ਨਾ ਤੁਸੀਂ ਸਰੀਰ ਦੇ ਹੋ। ਇਹ ਅੱਗ, ਪਾਣੀ, ਹਵਾ, ਧਰਤੀ ਤੇ ਆਕਾਸ਼ ਤੋਂ ਬਣਿਆਂ ਹੈ ਅਤੇ ਇਨ੍ਹਾਂ ਵਿੱਚ ਹੀ ਮਿਲ ਜਾਏਗਾ ਪਰੰਤੂ ਆਤਮਾ ਸਥਿਰ ਹੈ।...( ਗੀਤਾ ਸਾਰ)

ਕਹਾਣੀ

# ਰੱਬਾ ਸੁਮੱਤ ਬਖਸ਼ੀਂ

ਮਨਜੀਤ ਸਿੰਘ ਤੰਬੜ
ਪੰਜੌੜ



"ਸ਼ਰਦਾਰ ਜੀ! ਸਾਸਰੀ ਕਾਲ", ਅੰਦਰ ਆਉਂਦੇ ਮੰਗਲ ਨੇ ਦੋਨੋ ਹੱਥ ਜੋੜ ਕੇ ਬਿੱਕਰ ਸਿੰਘ ਨੂੰ ਫਤਿਹ ਬੁਲਾਈ।

"ਸਤਿ ਸ਼੍ਰੀ ਅਕਾਲ, ਭਾਈ ਸਤਿ ਸ਼੍ਰੀ ਅਕਾਲ। ਮੰਗੇ ਰਤਾ ਕੁ ਰੁੱਕ, ਆਹ ਟੋਕਰਾ ਮੱਝ ਦੀ ਖੁਰਲੀ ਸੁੱਟ ਆਵਾਂ।ਬੈਅ ਜਾ ਬਿੰਦ ਕੁ। ਔਹ ਡਾਹ ਲਾ ਮੰਜੀ, ਮੈਂ ਆਇਆ ਹੁਣੇ", ਬਿੱਕਰ ਸਿੰਘ ਨੇ ਕੁਤਰੇ ਚਾਰੇ ਦਾ ਟੋਕਰਾ ਮੱਝ ਦੀ ਖੁਰਲੀ ''ਚ ਉਲੱਦਦੇ ਨੇ ਕਿਹਾ।

"ਕੋਈ ਨੀ ਸਰਦਾਰ ਜੀ। ਮੈਂ ਤਾਂ ਊਂ ਈ ਕਈ ਦਿਨਾਂ ਦਾ ਤਕਦਾ ਸੀ, ਆਉਣ ਲਈ। ਅੱਜ ਥੋੜ੍ਹੀ ਗਰਜ ਵੀ ਸੀ, ਝਕਦਾ ਝਕਦਾ ਆ ਗਿਆਂ। ਆਪਣਾ ਕੰਮ ਕਰ ਲਓ ਪਹਿਲਾਂ, ਏਅ ਵੀ ਕਰਨੇ ਈ ਹੁੰਦੇ ਆ", ਮੰਗਲ ਨੇ ਬੈਠਦਿਆਂ ਜਿਹਾ।

ਬਿੱਕਰ ਸਿੰਘ ਨੇ ਕੁਤਰੇ ਦਾ ਟੋਕਰਾ ਖੁਰਲੀ ਵਿੱਚ ਸੁੱਟਿਆ। ਸਿਰ ਦੇ ਸਾਫੇ ਨਾਲ ਬਾਂਹਾਂ ਦੇ ਵਾਲਾਂ ਵਿੱਚ ਫਸੇ ਕੁੱਤਰੇ ਦੇ ਹਰੇ ਪੱਤਿਆਂ ਨੂੰ ਝਾੜਿਆ, ਸਾਫੇ ਨੂੰ ਦੋ ਤਿੰਨ ਵਾਰ ਲੱਤਾਂ ਉੱਤੇ ਵੀ ਮਾਰਦੇ ਨੇ ਕਿਹਾ, "ਹਾਂ ਬਈ ਹੁਣ ਦਸ ਕਿਮੇ ਆਉਣਾ ਹੋਇਆ? ਬੜੇ ਦਿਨਾ ਬਾਦ ਗੇੜਾ ਮਾਰਿਆ? ਝਕਦਾ ਝਕਦਾ ਕਿਉਂ ਆਇਆਂ? ਤੇਰਾ ਆਪਣਾ ਘਰ ਆ, ਜਦੋਂ ਮਰਜ਼ੀ ਆ। ਦੱਸ ਕੀ ਕੰਮ ਆ? ਪਰਿਵਾਰ ਸਭ ਰਾਜੀ ਖੁਸ਼ੀ ਤਾਂ ਹੈ"?

ਬਿੱਕਰ ਅਤੇ ਮੰਗਲ ਦੀ ਦੋਸਤੀ ਕ੍ਰਿਸ਼ਨ ਸੁਧਾਮੇ ਵਾਲੀ ਸੀ। ਜਦੋਂ ਕੋਈ ਪਰਵਾਰਿਕ ਗਲ ਕਰਨੀ ਹੋਵੇ ਆਪਸ ਵਿੱਚ ਕਰ ਲੈਂਦੇ। ਬਿੱਕਰ ਸਿੰਘ ਆਰਥਕ ਤੌਰ ਤੇ ਠੀਕ ਸੀ, ਤਾਂ ਮੰਗਲ ਨੂੰ ਸਮਾਜਿਕ ਸੂਝ ਜਿਆਦਾ ਸੀ। ਬਿੱਕਰ ਸਿੰਘ ਨੇ ਆਪ ਲਕੜੀ ਦੀਆਂ ਲੱਤਾਂ ਵਾਲੀ ਕੁਰਸੀ ਨੂੰ ਮੰਗੇ ਦੇ ਲਾਗੇ ਨੂੰ ਖਿਚ ਲਿਆ।

"ਸਰਦਾਰ ਜੀ ਤੁਹਾਨੂੰ ਕੀ ਦੱਸਾਂ? ਤੁਹਾਤੋਂ ਕੀ ਗੁੱਝਾ ਆ ਰਾਜ, ਮਿਸਤਰੀਆਂ ਨਾਲ ਦਿਹਾੜੀ ਕਰਨੀ ਕੇੜੀ ਸੌਖੀ ਆ। ਸਵੇਰ ਦੀ ਪੰਜ ਸੌ ਇੱਟ ਉਲਾਰੀ ਛੱਤ ਤੇ, ਲੱਕ ਸਿੱਧਾ ਨੀ ਹੁੰਦਾ। ਤਾਪ ਜਿਹਾ ਹੋਣ ਨੂੰ ਕਰਦਾ। ਸੋਚਿਆ ਸਰਦਾਰ ਜੀ ਵੱਲ ਹੋ ਕੇ ਆਉਂਦਾਂ। ਜੇ ਕਿਤੇ ਪਾਈਆ ਖੰਡ ਪਈ ਹੋਵੇ ਤਾਂ...। ਨਾਲ੍ਹੇ ਮਨ ਦੀ ਗਲ ਹੋ ਜਾਊ। ਥੋਨੂੰ ਤਾਂ ਪਤਾ ਈ ਆ ਮੇਰੀ ਆਦਤ ਦਾ"?, ਮੰਗਲ ਨੇ ਪਸੀਨੇ ਨਾਲ ਭਿੱਜੇ ਕੁੜਤੇ ਦੇ ਪੱਲੇ ਨੂੰ ਆਪਣੇ ਸੁੱਕੜੂ ਜੇਹੇ ਦੋਹਾਂ ਪੱਟਾਂ ਵਿਚਕਾਰ ਧੱਕ ਕੇ ਉੱਥੇ ਈ ਪੈਰਾਂ ਭਾਰ ਬੈਠ ਗਿਆ। ਬਿੱਕਰ ਸਿੰਘ ਅੰਦਰੋਂ ਦੋ ਕੁ ਪੈਗ ਦਾਰੂ ਤੇ ਪਾਣੀ ਵਾਲੀ ਕੈਨੀ ਲੈ ਆਇਆ। ਮੰਗੇ ਨੂੰ ਫੜਾਉਂਦੇ ਨੇ ਕਿਹਾ, "ਐਡੀ ਕੇੜੀ ਗਲ ਤੇਰੇ ਢਿੱਡ 'ਚ ਵੜ ਗਈ ਬਈ ਜੇੜੀ ਮੇਰੇ ਕੋਲ ਈ ਆ ਨਿਕਲਣੀ ਸੀ? ਕੀ ਹੋਇਆ? ਤੇਰਾ ਮੁੰਡਾ ਵੀ ਲੱਤਾਂ ਖੁਰੀਆਂ ਮਾਰਨ ਲਗ ਪਿਆ, ਮੇਰੇ ਪੰਮੇ ਵਾਂਗ ਬਾਰ੍ਹ ਨੂੰ ਜਾਣ ਲਈ?"

"ਕੀ ਦੱਸਾਂ! ਸ਼ਰਦਾਰ ਜੀ, ਮੁੰਡੇ ਨੇ ਤਾਂ ਮੇਰਾ ਜੀਣਾ ਹਰਾਮ ਕੀਤਾ ਪਿਆ। ਮੈਨੂੰ ਤਾਂ ਕੋਈ ਸਮਝ ਨੀ ਆਉਂਦੀ ਕਿਵੇਂ ਖਹਿੜਾ ਛੁਡਾਵਾਂ"।

"ਚਲ ਕੋਈ ਨੀ, ਜੇ ਪੈਸੇ ਦਾ ਇੰਤਜ਼ਾਮ ਨੀ ਹੁੰਦਾ ਤਾਂ ਅੜਦੇ ਥੁੜਦੇ ਹੋਏ ਨੂੰ ਦਸ ਦੇਈਂ। ਕਰ ਲਾਂਗੇ ਅਸੀਂ ਆਪੋ ਵਿਚ। ਮੁੰਡੇ ਨੇ ਦੋ ਚਾਰ ਸਾਲ ਟਿਕ ਕੇ ਲਾ ਲਏ, ਆਪੇ ਸਾਰੇ ਧੋਣੇ ਧੋ ਹੋ ਜਾਣਗੇ"।

"ਸਰਦਾਰ ਜੀ ਗਲ ਪੈਸੇ ਦੀ ਨੀ, ਮੈਨੂੰ ਪਤੈ ਤੁਸੀ ਨਾਂਹ ਨੀ ਕਰਨੀ। ਅਸਲੋਂ ਮੈਂ ਆਪਣੇ ਤਾਰੀ ਨੂੰ ਬਾਰ੍ਹ ਭੇਜਣਾ ਈ ਨੀ ਚਾਹੁੰਦਾ। ਤੁਹਾਨੂੰ ਪਤੈ ਤਾਂ ਹੈ, ਬਾਰ੍ਹ ਗਿਆ ਵੀ ਕੋਈ ਫਿਰ ਮੁੜ ਪਿੱਛੇ ਵੱਲ ਦੇਖਦਾ?"

"ਕਿਉ"? ਬਿੱਕਰ ਸਿੰਘ ਨੇ ਹੈਰਾਨਗੀ ਜਿਹੀ ਨੇ ਕਿਹਾ।

ਮੰਗਾ ਪੈਰਾਂ ਭਾਰ ਬੈਠਾ ਬੈਠਾ ਅੱਗੇ ਨੂੰ ਖਿਸਕਿਆ, ਏਧਰ ਓਧਰ ਮੁੰਡੀ ਘੁਮਾਈ, ਜਿਵੇ ਕੋਈ ਬਹੁਤੀ ਰਾਜ ਦੀ ਗਲ ਦੱਸਣ ਲੱਗਾ ਹੋਵੇ। ਸਿਰ ਦਾ ਕੱਪੜਾ ਝਾੜ ਕੇ ਮੋਢੇ 'ਤੇ ਰੱਖ ਲਿਆ, "ਦੇਖੋ ਸਰਦਾਰ ਜੀ, ਅਸੀਂ ਤਾਂ ਛੋਟੇ ਬੰਦੇ ਆਂ, ਸਾਡੀ ਸੋਚ ਵੀ ਛੋਟੀ ਹੋ ਸਕਦੀ ਆ। ਫਿਰ ਵੀ ਮੈਂ ਐਵੇਂ ਛੋਟਾ ਮੂੰਹ, ਵੱਡੀ ਬਾਤ ਕਰਨ ਲੱਗਾਂ। ਗੁੱਸਾ ਨਾ ਕਰਿਓ। ਮੇਰੀ ਗਲ ਛੱਡੋ। ਮੈਨੂੰ ਤਾਂ ਤੁਹਾਡਾ ਕਾਕਾ ਵੀ ਬਾਰ੍ਹ ਗਿਆ ਰਤੀ ਚੰਗਾ ਨੀ ਲੱਗਾ"।

ਉਸ ਨੇ ਗਲਾਸ ਦੀ ਸਾਰੀ ਦਾਰੂ ਇਕੋ ਸਾਹੇ ਅੰਦਰ ਖਿਚ ਲਈ। ਮੋਢੇ ਦੇ ਪਰਨੇ ਨਾਲ ਮੁੱਛਾਂ 'ਚ ਫਸੀ ਦਾਰੂ ਨੂੰ ਸਾਫ ਕਰਦਾ ਬੋਲਿਆ, "ਪੁੱਛੋ ਕਾਹਤੇ?" ਲਗਦਾ ਸੀ ਉਸ ਦਾ ਸਰੀਰ ਥੋੜ੍ਹਾ ਕੰਡੇ 'ਚ ਆ ਗਿਆ ਸੀ। ਬਿਨਾਂ ਜੁਵਾਬ ਉਡੀਕੇ ਆਪ ਈ ਸ਼ੁਰੂ ਹੋ ਗਿਆ,"ਦੇਖੋ ਕੀ ਨੀ ਤੁਹਾਡੇ ਕੋਲ? ਕਾਹਦੀ ਘਾਟ ਆ? ਪੈਸਾ ,ਜਾਇਦਾਦ, ਕੋਠੀਆਂ ਕਾਰਾਂ ਸਭ ਕੁਝ ਆ ਨਾ ਤੁਹਾਡੇ ਕੋਲ। ਸਭ ਪਾਸੇ ਵਾਹਿਗੁਰੂ ਦੀ ਮੇਹਰ ਸੀ। ਏਥੇ ਰਾਜਾ ਸੀ ਉਹ। ਕਿਸੇ ਚੀਜ਼ ਦੀ ਟੋਟ ਨੀ ਸੀ। ਨਾਲੇ ਤੁਹਾਡੀ ਨਿਗ੍ਹਾ ਥੱਲੇ ਸੀ। ਓਥੇ ਦਿਹਾੜੀਆਂ ਕਰਦਾ ਹੋਣਾ, ਤੁਹਾਡੇ ਭਈਆਂ ਵਾਂਗ। ਕੋਈ ਸਾਡੇ ਅਰਗਾ ਗਰੀਬ ਗੁਰਬੀ ਨਿਆਣੇ ਨੂੰ ਭੇਜ ਦੇਵੇ ਤਾਂ ਮੰਨਿਆ ਵੀ। ਸਚ ਦੱਸਿਓ ਤੁਸੀਂ ਖੁਸ਼ ਓ ਪੰਮੇ ਨੂੰ ਕਨੇਡਾ ਭੇਜ ਕੇ"?

"ਹਾਂ ਮੰਗੇ! ਹੈ ਤਾਂ ਸਭ ਕੁੱਝ ਉਪਰ ਵਾਲੇ ਦਾ ਦਿੱਤਾ ਹੋਇਆ। ਪਰ ਨਿਆਣੇ ਸੌਰ੍ਹੇ ਕਿਸੇ ਦੀ ਮੰਨਣ ਤਾਂ ਈ ਐ",

ਬਿੱਕਰ ਸਿੰਘ ਦੀ ਅਵਾਜ਼ ਵਿੱਚ ਕਿਤੇ ਕੋਈ ਬੇਵਸੀ ਸੀ। ਉਹ ਵੀ ਪੰਮੇ ਨੂੰ ਵਿਦੇਸ਼ ਭੇਜ ਕੇ ਖੁਸ਼ ਨਹੀਂ ਸੀ ਹੋਇਆ। "ਸਾਡੇ ਤਾਂ ਪੰਜਾਬ 'ਚ ਬਾਰ੍ਹ ਦੀ ਹਵਾ ਈ ਵਗ ਗਈ, ਜੇੜ੍ਹਾਂ ਵਾਰਾਂ ਚੌਦਾਂ ਪੜ ਜਾਂਦਾ, ਦੇਖੋ ਦੇਖੀ ਦੌੜੀ ਜਾਂਦਾ ਬਾਰ੍ਹ ਨੂੰ, ਕੋਈ ਕਨੇਡਾ, ਕੋਈ ਅਮਰੀਕਾ ਜਾਂ ਨਿਉਜ਼ੀਲੈਂਡ, ਅਸਟਰੇਲੀਆ। ਪੰਜਾਬ ਦੀ ਜਵਾਨੀ ਤਾਂ ਸਾਰੀ ਦੀ ਸਾਰੀ ਬਾਹਰ ਨੂੰ ਦੌੜੀ ਜਾਂਦੀ ਆ। ਮੰਗੇ ਦਸ ਇੱਥੇ ਹੋਰ ਕਰਨ ਵੀ ਕੀ? ਸਾਡੀਆਂ ਸਰਕਾਰਾਂ ਦਾ ਤਾਂ ਬੇੜਾ ਬੈਠਾ ਹੋਇਆ। ਹੈ, ਕੋਈ ਕੰਮ ਦੀ ਨੌਕਰੀ ਏਨ੍ਹਾ ਕੋਲ? ਤੂੰ ਦੇਖ ਲਿਆ, ਤੇਰੀਆਂ ਦਸ ਪੜ੍ਹੀਆਂ ਦਾ ਕੀ ਮੁੱਲ ਪਿਆ? ਤੇਰੇ ਵਰਗਾ ਕਾਰੀਗਰ ਜੇ ਉਨ੍ਹਾਂ ਮੁਲਕਾਂ 'ਚ ਹੁੰਦਾ, ਹੁਣ ਨੂੰ ਕੋਈ ਵੱਡਾ ਇੰਜਨੀਅਰ ਬਣਿਆ ਹੁੰਦਾ? ਜੇ ਏਥੇ ਕੋਈ ਚੰਗੀ ਰੋਜ਼ਗਾਰ ਹੋਵੇ ਕ੍ਹਾਨੂ ਜੁਆਕ ਬਾਰ੍ਹ ਧੱਕੇ ਖਾਣ"।

"ਸਰਦਾਰ ਜੀ ਤੁਸੀਂ ਆਪਣੀ ਜਗ੍ਹਾ ਠੀਕ ਹੋ। ਪਰ ਤੁਸੀਂ ਆਪਣੇ ਵਾਰੇ ਸ਼ੋਚਿਆ ਕਦੀ? ਕਿਤੇ ਅਸੀਂ ਬੱਚਿਆਂ ਦੀ ਜਿੰਦਗੀ ਬਣਾਉਂਦੇ ਬਣਾਉਂਦੇ ਆਪਣਾ ਬੁੱਢਾਪਾ ਤਾਂ ਨਹੀਂ ਰੋਲ ਰਹੇ? ਮਾਰੋ ਤਾਂ ਨ੍ਹਿਗਾ ਆਪਣੇ ਪਿੰਡ ਵਿੱਚ, ਹੈ ਕੋਈ ਸਿਆਣਾ ਤੁਹਾਡੇ ਬਜੁਰਗਾਂ ਦੀ ਉਮਰ ਦਾ? ਬਹੁਤੇ ਤਾਂ ਰੱਬ ਨੂੰ ਪਿਆਰੇ ਹੋ ਗਏ ਹੋਣੇ ਆਂ। ਉਹ ਤਾਂ ਫਿਰ ਵੀ ਕੱਟ ਗਏ ਹੋਣਗੇ ਆਪਣੀ ਚੰਗੀ ਜੂਨ। ਤੁਸੀਂ ਸੇਵਾ ਕਰ ਲਈ ਆਪਣੇ ਬਾਪ ਦੀ। ਤੁਸੀ ਝਾਤ ਮਾਰੋ, ਚਲੋ ਸੇਵਾ ਤਾਂ ਛੱਡੋ, ਦੇਖ ਭਾਲ ਕਰਨ ਵਾਲਾ ਕੌਣ ਆ? ਗੁੱਸਾ ਨਾ ਕਰਿਓ ਮੇਰੀ ਗਲ ਦਾ। ਮੈਂ ਤੁਹਾਡੇ ਕੱਲਿਆਂ ਦੀ ਗਲ ਨੀ ਕਰਦਾ। ਮਾਰੋ ਨਿਗ੍ਹਾ ਪਿੰਡ ਦੀਆਂ ਵੱਡੀਆਂ ਵੱਡੀਆਂ ਕੋਠੀਆਂ ਵੱਲ, ਹੈ ਕੋਈ ਟੱਬਰ ਰਹਿੰਦਾ ਏਨ੍ਹਾਂ ਚ? ਵਿਚਾਰੇ ਬੁੱਢਾ-ਬੁੱਢੀ ਅੰਦਰ ਬੈਠੇ ਕਮਰੇ ਦੀਆਂ ਤਾਕੀਆਂ ਰਾਹੀਂ ਬਾਹਰ ਝਾਕੀ ਜਾਂਦੇ ਆ ਸਾਂਈਂ ਦੀ ਬੱਕਰੀ ਵਾਂਗ। ਕੋਈ ਆਪਣਾ ਪਾਣੀ ਦੇਣ ਵਾਲਾ ਨੀ ਹੁੰਦਾ ਓਹਨਾ ਕੋਲ। ਬਹੁਤੀਆਂ 'ਚ ਤਾਂ ਭਈਏ ਕਬਜਾ ਕਰੀ ਬੈਠੇ ਆ, ਜਾਂ ਸੁੰਨੀਆਂ ਕੋਠੀਆਂ 'ਚ ਕਬੂਤਰ ਬੋਲੀ ਜਾਂਦੇ ਆ। ਤੁਸੀਂ ਕੀ ਕਰਨੀ ਸੀ ਪੰਮੇ ਨੂੰ ਨੌਕਰੀ ਕਰਾ ਕੇ? ਤੁਹਾਡੀਆਂ ਤਾਂ ਦੋ ਹੋਰ ਪੁਸ਼ਤਾਂ ਨਾ ਵੀ ਕੰਮ ਕਰਨ ਤਾਂ ਵੀ ਭੁੱਖੇ ਮਰਨ ਨੀ ਲੱਗੇ"।

ਬਿੱਕਰ ਸਿੰਘ ਮੰਗੇ ਦੀਆਂ ਗੱਲਾਂ ਗੁਰਦੁਆਰੇ ਦੇ ਭਾਈ ਦੀ ਕਥਾ ਵਾਂਗ ਸੁਣ ਰਿਹਾ ਸੀ।

"ਸਰਦਾਰ ਜੀ! ਹੋਰ ਸੁਣਨੀ ਆ ਬਾਰ੍ਹ ਵਾਲਿਆਂ ਦੀ, ਓਅ ਚੌਧਰੀਆਂ ਚੋਂ ਲਹਿੰਦੀ ਫਿਰਨੀ 'ਤੇ ਬੁੜਾ ਗੰਡੂ ਹੂੰਦਾ ਸੀ ਨਾ। ਓਦਾ ਮੁੰਡਾ ਹੁੰਦਾ ਸੀ ਗੁਰਮੁੱਖ। ਓਦੀ ਗਲ ਸੁਣ। ਗੁਰਮੁੱਖ ਨੇ ਆਪਣੀ ਸਾਰੀ ਜੈਦਾਦ ਵੇਚ ਕੇ ਆਪਣੇ ਮੁੰਡੇ ਨੂੰ ਬਾਰ੍ਹ ਭੇਜ ਤਾ। ਕੱਲਾ ਕੱਲਾ ਮੰਡਾ ਸੀ ਥੋਡੇ ਵਾਂਗ। ਆਖੇ ਆਪਣੇ ਕ੍ਹੇੜੇ ਪੰਜ ਚਾਰ ਆ। ਕੱਲਾ ਕੱਲਾ ਤਾਂ ਹੈਗਾ। ਏਦੀ ਜਿੰਦਗੀ ਸੌਰ ਜਾਊ। ਜੈਦਾਦ ਨੂੰ ਮੈਂ ਕੇੜ੍ਹਾ ਨਾਲ ਬੰਨ ਲੈ ਜਾਣਾ। ਆਪ ਤਾਂ ਮਰ ਗਿਆ ਥੋੜ੍ਹੇ ਸਮੇਂ ਪਿੱਛੋਂ ਈ। ਘਰ ਆਲੀ ਹਾਲੇ ਜਿਉਂਦੀ ਆ। ਜਿਉਂਦੀ ਕਾਹਦੀ ਆ, ਨਾ ਜਿਉਂਦਿਆਂ 'ਚ, ਨਾ ਮਰਿਆਂ 'ਚ। ਵਿਚਾਰੀ ਪਿਛਲੇ ਜਨਮ ਦੇ ਮਾੜੇ ਕੀਤੇ ਕਰਮਾਂ ਦਾ ਫਲ ਭੁਗਤ ਰਹੀ ਆ। ਮੁੰਡਾ ਆਇਆ ਸੀ, ਪਿਉ ਨੂੰ ਨਜਿੱਠਣ। ਜਾਂਦਾ ਹੋਇਆ ਭਈਆਂ ਦੀ ਔਰਤ ਨੂੰ ਦੇਖ ਭਾਲ ਕਰਨ ਲਈ ਆਖ ਗਿਆ। ਉਦੋਂ ਤਾਂ ਬੁੜੀ ਦੀਆਂ ਚਲਦੀਆਂ ਸਨ। ਹੁਣ ਬੈਠ ਗਈ ਉਹ ਮੰਜੇ 'ਤੇ। ਸਰਦਾਰ ਜੀ ਤੁਸੀਂ ਸਿਆਣੇ ਓ, ਕੌਣ ਚੁੱਕਦਾ ਕਿਸੇ ਦਾ ਗੂੰਅ-ਮੂਤ? ਭਈਏ ਆਣੀ ਦਿਨੇ ਤਾਂ ਦੇਖ ਲੈਂਦੀ ਹੋਊ ਦੋ ਚਾਰ ਵਾਰੀ। ਰਾਤ ਨੂੰ ਥਾਲੀ 'ਚ ਰੋਟੀ ਨਾਲ ਪਾਣੀ ਦੀ ਗੜਬੀ ਰੱਖ ਕੇ ਚਲੇ ਜਾਂਦੀ ਆ। ਦਿਨ ਖੜ੍ਹੇ ਬੁੜੀ ਦੇ ਡੈਪਰ ਲਾ ਕੇ ਲੱਕ ਨੂੰ ਘੁੱਟ ਕੇ ਨੂੜ ਜਾਂਦੀ ਆ। ਸਾਰੀ ਰਾਤ ਸਵੇਰ ਤੱਕ ਜਿਮੇ ਮਰਜੀ ਟੱਟੀ ਪਿਸ਼ਾਬ ਕਰੀ ਜਾਵੇ ਉਸੇ ਵਿੱਚ ਈ। ਜਾਂਦੀ ਹੋਈ ਬਾਹਰ ਵਾਲੇ ਗੇਟ ਨੂੰ ਤਾਲਾ ਮਾਰ ਜਾਂਦੀ ਆ। ਦੱਸੋ ਮੰਜੇ 'ਤੇ ਪਿਆ ਕੱਲਾ ਬੰਦਾ, ਕੀ ਕਰੂ? ਜਿਮੇ ਮਰਜ਼ੀ ਚੀਕ ਚਿਹਾੜਾ ਪਾਉਂਦਾ ਰਹੇ, ਹੈ ਕੋਈ ਉਸ ਦੀ ਸੁਣਨੇ ਵਾਲਾ? ਕਾਹਦੀ ਜਿੰਦਗੀ ਆ। ਏਦੇਂ ਨਾਲੋਂ ਤਾਂ ਰੱਬ ਚਲਦੀਆਂ 'ਤੇ ਚੁੱਕ ਲਏ ਚੰਗਾ ਆ"।

ਮੰਗਾ ਧਰਤੀ 'ਤੇ ਦੋਨਾ ਹੱਥਾਂ ਦਾ ਭਾਰ ਦੇ ਕੇ ਉਠਿਆ, "ਸਰਦਾਰ ਜੀ! ਕੁਵੇਲਾ ਹੋ ਗਿਆ। ਚਲਦਾ ਆਂ। ਮੇਰੀ ਗੱਲ ਯਾਦ ਰੱਖਿਓ ਸਰਦਾਰ ਸਾਹਿਬ! ਹੋਰ ਪੰਜਾਂ ਸੱਤਾਂ ਸਾਲਾਂ ਤਕ, ਸਾਡੀਆਂ ਮਰਿਆਂ ਦੀਆਂ ਅਰਥੀਆਂ ਚੁੱਕਣ ਲਈ ਚਾਰ ਪੰਜਾਬੀ ਨੀ ਮਿਲਣੇ। ਉਹ ਵੀ ਭਈਏ 'ਰਾਮ ਨਾਮ ਸਤ' ਦਾ ਜਾਪ ਕਰਦੇ ਸਿਵਿਆਂ ਨੂੰ ਜਾਇਆ ਕਰਨਗੇ। ਸੱਚ ਦੱਸਾਂ ਤਾਂਈ ਨੀ ਮੇਰਾ ਦਿਲ ਮੰਨਦਾ। ਊਂਅ ਸਿਆਣੀ ਬਜੁਰਗਣ ਦੀ ਗੱਲ ਸੁਣ ਕੇ ਮੈਨੂੰ ਬੜਾ ਦੁੱਖ ਲੱਗਾ। ਅੱਛਾ ਹੁਣ ਤਾਂ ਸਿਆਣਿਆਂ ਦਾ ਰੱਬ ਰਾਖਾ। ਰੱਬਾ ਸੁਮੱਤ ਬਖਸ਼ੀਂ"।

ਅੱਜ ਪਹਿਲੀ ਵਾਰ ਬਿੱਕਰ ਸਿੰਘ ਨੂੰ ਪੰਮੇ ਦੀ ਘਾਟ ਮਹਿਸੂਸ ਹੋਈ। ਬਿੱਕਰ ਸਿੰਘ ਸੋਚਦਾ ਰਿਹਾ ਕਿ ਉਸ ਨੇ ਕਿਉਂ ਨਾ ਪੰਮੇ ਨੂੰ ਕਨੇਡਾ ਭੇਜਣ ਤੋਂ ਪਹਿਲਾਂ ਸੋਚਿਆ। ਉਸ ਨੂੰ ਆਪਣੇ ਆਉਣ ਵਾਲੇ ਬੁਢੇਪੇ ਤੋਂ ਭੈਅ ਆਉਣ ਲੱਗਾ।

❋ ❋ ❋ ❋ ❋

## ਵਧਾਈ

ਹੁਸ਼ਿਆਰਪੁਰ ਦੇ ਮਹੱਲਾ ਫਤਿਹਗੜ੍ਹ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਨੌਜਵਾਨ ਸਰਤਾਜ ਸਿੰਘ ਨੇ ਆਪਣੀ ਮਿਹਨਤ ਤੇ ਯੋਗਤਾ ਦੇ ਬਲਬੂਤੇ ਇਟਲੀ ਦੇਸ਼ ਵਿੱਚ ਪਾਇਲਟ ਬਣ ਕੇ ਸਮਾਜ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਰੋਮ ਵਿਖੇ ਚਾਰ ਸਾਲ ਦੀ ਸਿਖਲਾਈ ਪੂਰੀ ਕਰਨ ਉਪਰੰਤ ਉਸ ਨੇ ਇਟਲੀ ਦੀ 'ਰਾਇਨ ਏਅਰਲਾਈਨਜ਼' ਵਿੱਚ ਪਾਇਲਟ ਦਾ ਵਕਾਰੀ ਅਹੁਦਾ ਹਾਸਲ ਕਰ ਕੇ ਆਪਣੇ ਮਾਂਬਾਪ ਦਾ ਨਾਮ ਚਮਕਾਇਆ ਹੈ। ਸਰਤਾਜ ਸਿੰਘ ਆਪਣੇ ਪਿਤਾ ਇਕਬਾਲ ਸਿੰਘ ਸੈਣੀ ਅਤੇ ਮਾਤਾ ਕੌਰ ਨਾਲ ਚਾਰ ਸਾਲ ਦੀ ਉਮਰ ਵਿੱਚ ਹੀ ਇਟਲੀ ਗਿਆ ਸੀ। ਇਸ ਸਮੇਂ ਇਹ ਪਰਿਵਾਰ ਕੇਂਦਰੀ ਇਟਲੀ ਦੇ ਤੈਰਨੀ ਸ਼ਹਿਰ ਵਿਖੇ ਰਹਿ ਰਿਹਾ ਹੈ।



ਕਵਿਤਾ

## ਰਹਿ ਗਏ ਯਾਦਾਂ ਬਣ ਕੇ

ਤਾਰਾ ਸਿੰਘ ਚੇੜਾ, ਝਿੱਕਾ

ਬੀਤੇ ਦੀਆਂ ਯਾਦਾਂ ਫੜ ਕੇ
ਇਕ ਦਿਨ ਬੈਠਾ ਸੋਚਾਂ
ਕਿੱਥੇ ਗਏ ਪਿੱਪਲ ਬੋਹੜਾਂ
ਠੰਢੀਆਂ ਠੰਢੀਆਂ ਛਾਵਾਂ
ਵਿਹਲੇ ਹੋ ਜਿੱਥੇ ਬਹਿਣਾ
ਅੱਜ ਸੁੰਨੀਆਂ ਸੁੰਨੀਆਂ ਥਾਵਾਂ
ਨੇੜਲੇ ਰਿਸ਼ਤੇ ਤਿੜਕ ਗਏ
ਕਿੱਥੇ ਗਏ ਪੱਗ ਵੱਟ ਭਾਈ
ਕਿੱਥੇ ਗਏ ਬਣੇ ਗੁਰਭਾਈ
ਕਿੱਧਰ ਗਈਆਂ ਨਾਨਕੇ ਪਿੰਡੋਂ
ਸੱਭੇ ਹੋਣੀਆਂ ਮਾਸੀਆਂ ਮਾਵਾਂ
ਪਿੰਡ ਦੀ ਕੁੜੀ ਸਭ ਦੀ ਸਾਂਝੀ
ਸਾਂਝਾ ਪਿੰਡ ਦਾ ਪ੍ਰਾਹੁਣਾ
ਸਾਰਿਆਂ ਸੁਖ-ਸ਼ਾਂਤੀ ਪੁੱਛਣੀ
ਜਦ ਕਿਸੇ ਨੇ ਆਉਣਾ।
ਵਿਸਰ ਗਏ ਸਾਂਝੇ ਖੂਹ
ਸਾਂਝੀਆਂ ਜਿਨ੍ਹਾਂ ਦੀਆਂ ਲੱਜਾਂ
ਸਾਂਝੇ ਫਲ੍ਹੇ ਚੇਤੇ ਆਉਂਦੇ
ਫਿਰ ਪਿਛਾਂਹ ਵੱਲ ਭੱਜਾਂ
ਸਾਂਝੇ ਚੌਂਕੇ ਉਜੜ ਗਏ
ਟੁੱਟ ਪਰਿਵਾਰਕ ਤੰਦਾਂ
ਕਿੱਥੇ ਗਏ ਕੱਚੇ ਕੋਠੇ
ਸਾਂਝੀਆਂ ਜਿਨ੍ਹਾਂ ਦੀਆਂ ਕੰਧਾਂ
ਸਾਂਝੇ ਚੜਸ ਨਹੀਂ ਚੱਲਦੇ
ਨਾ ਹੀ ਸਾਂਝੀਆਂ ਆਡਾਂ
ਖੂਹ ਤੇ ਖੜ੍ਹ ਕੇ ਹੀਰ ਨਾ ਗਾਵੇ
ਨਾ ਟੱਲੀਆਂ ਦੀਆਂ ਆਵਾਜ਼ਾਂ
ਲੁਕਣਮੀਚੀ ਕੋਈ ਨਾ ਖੇਡੇ
ਨਾ ਹੀ ਇਹ ਆਵਾਜ਼ਾਂ
"ਕੋਟਲਾ ਛਪਾਕੀ
ਜੁੰਮੇ ਰਾਤ ਆਈਆ
ਜਿਹੜਾ ਮੁੜ ਕੇ ਦੇਖੂ
ਉਹ ਦੀ ਸ਼ਾਮਤ ਆਈਆ"।
ਬਦਲੀ ਸਾਰੀ ਜੀਵਨ ਜੁਗਤੀ
ਭੁੱਲ ਗਏ ਸਾਨੂੰ ਹਾਸੇ ਠੱਠੇ
ਪੈਦਲ ਨਾ ਤੁਰਦਾ ਹਮਰਾਹੀ ਬਣ ਕੇ
ਪੈਰ ਪੰਜੇਬਾਂ ਛਣਕਾਂ ਭੁੱਲੀਆਂ
ਹੁਣ ਨਾ ਰਾਹੀਂ ਛਣਕੇ
ਜਿਹੜਾ ਰਾਹ ਤੁਰੇ ਪੈਰੀਂ
ਰਹਿ ਗਏ ਯਾਦਾਂ ਬਣ ਕੇ।



## ਗੀਤ

ਬਲਬੀਰ ਸਿੰਘ ਸੈਣੀ, ਨੰਗਲ

ਜਦੋਂ ਵੀ ਬਨੇਰੇ ਉੱਤੇ ਬੋਲਦਾ ਏ ਕਾਂ ਚੰਨਾ,
ਯਾਦ ਆਵੇ ਤੇਰੀ ਵਾਰ ਵਾਰ।
ਪੈਂਦੀਆਂ ਨੇ ਚੀਸਾਂ ਹੋਵੇ ਪੀੜ ਮੇਰੇ ਕਾਲਜੇ 'ਚ,
ਦੱਸ ਕਿਵੇਂ ਜਾਵਾਂ ਮੈਂ ਸਹਾਰ।
ਵੇਖ ਵੇਖ ਬੁੜ੍ਹਕਦਾ ਪਰਾਤ ਵਿੱਚੋਂ ਆਟਾ,
ਹੋਣ ਸੱਜਰੀਆਂ ਮੇਰੀਆਂ ਉਡੀਕਾਂ।
ਕਰ ਕੇ ਬਹਾਨੇ ਝੂਠ ਮੂਠ ਭਾਂਡੇ ਮਾਜਣੇ ਦੇ,
ਸੁੱਚੀ ਸੁੱਚੀ ਔਸੀਆਂ ਉਲੀਕਾਂ।
ਮਿਲਣੇ ਦੀ ਘੜੀ ਕਦ ਆਊ ਮੇਰੇ ਚੰਨਾ,
ਜਾਵੇ ਬੀਤਦੀ ਜਵਾਨੀ ਦੀ ਬਹਾਰ।
ਜਦੋਂ ਵੀ ਬਨੇਰੇ..........................
ਕਦਮਾਂ ਦਾ ਸੁਣਾ ਜੇ ਖੜਾਕ ਕਦੇ ਗਲੀ ਵਿੱਚ,
ਤੇਰਾ ਵੇ ਭੁਲੇਖਾ ਝੱਟ ਖਾਵਾਂ।
ਗੁੰਮ ਜਾਵਾਂ ਓਦੋਂ ਵੇ ਮੈਂ ਤੇਰਿਆਂ ਖਿਆਲਾਂ ਵਿੱਚ,
ਭੱਜ ਭੱਜ ਬੂਹੇ ਵੱਲ ਜਾਵਾਂ।
ਸਹਿਕਦੇ ਨੇ ਬਿੰਦੀ ਟਿੱਕਾ,
ਪੈਰਾਂ ਦੀਆਂ ਝਾਜਰਾਂ ਵੀ,
ਕਦੇ ਵੀ ਨਾ ਕੀਤਾ ਮੈਂ ਸ਼ਿੰਗਾਰ।
ਜਦੋਂ ਵੀ ਬਨੇਰੇ.................................।
ਘਰੀਂ ਘਰੀਂ ਆ ਰਹੇ ਨੇ ਫ਼ੌਜੀ ਸਾਰੇ ਛੁੱਟੀ,
ਤੂੰ ਵੀ ਦੱਸ ਸੈਣੀ ਆਣ ਦੀ ਤਰੀਕ।
ਝੂਠ ਮੂਠ ਦੱਸਦੀ ਹਾਂ, ਅੱਜ ਆਉਣਾ,
ਕੱਲ੍ਹ ਆਉਣਾ, ਮੈਨੂੰ ਜਦੋਂ ਪੁੱਛਦੇ ਸ਼ਰੀਕ।
ਚਿਰਾਂ ਤੋਂ ਏ ਸੁੱਕੀ, ਮੇਰੇ ਚਾਵਾਂ ਦੀ ਬਗੀਚੀ,
ਤੇਰੇ ਆਣ ਨਾਲ ਖਿੜੂ ਗੁਲਜ਼ਾਰ
ਜਦੋਂ ਵੀ ਬਨੇਰੇ.........................।



# ਸੈਣੀ ਬਰਾਦਰੀ ਦੇ ਗਾਇਕ ਕਲਾਕਾਰ

ਜਗਦੇਵ ਸਿੰਘ ਸੈਣੀ
ਸੈਣੀ ਭਵਨ, ਰੋਪੜ

ਸੈਣੀ ਬਰਾਦਰੀ ਨੇ ਜਿੱਥੇ ਸਮਾਜਸੇਵੀ ਸਿਆਸੀ ਨੇਤਾ, ਨਿਪੁੰਨ ਅਧਿਕਾਰੀ, ਮਰਜੀਵੜੇ ਆਜ਼ਾਦੀ ਸੰਗ੍ਰਾਮੀ ਅਤੇ ਤੇਜ਼ਤਰਾਰ ਖਿਡਾਰੀ ਦੇਸ਼ ਕੌਮ ਨੂੰ ਦਿੱਤੇ ਹਨ ਉੱਥੇ ਹੀ ਆਪਣੀ ਸੱਭਿਆਚਾਰਕ ਸੰਗੀਤ ਕਲਾ ਨਾਲ ਲੋਕਾਂ ਨੂੰ ਸੇਧ ਦੇਣ ਅਤੇ ਉਨ੍ਹਾਂ ਦਾ ਮਨੋਰੰਜਨ ਕਰਨ ਵਾਲੇ ਦਰਜਣਾ ਗਾਇਕ ਕਲਾਕਾਰ ਵੀ ਅਰਪਣ ਕੀਤੇ ਹਨ। ਇਨ੍ਹਾਂ ਵਿੱਚੋਂ ਕੁੱਝ ਕੁ ਜਿਨ੍ਹਾਂ ਬਾਰੇ ਜਾਣਕਾਰੀ ਹਾਸਲ ਹੋਈ ਹੈ ਉਹ ਇਹ ਹਨ-

## ਸੂਫ਼ੀ ਲੋਕ-ਗਾਇਕ, ਸਤਿੰਦਰ ਸਰਤਾਜ :



ਸਤਿੰਦਰ ਸਰਤਾਜ ਪੰਜਾਬੀ ਬੋਲੀ ਦਾ ਉੱਭਰਦਾ ਹੋਇਆ ਉਹ ਸੂਫ਼ੀ ਗੀਤ ਗਾਇਕ ਹੈ ਜਿਸ ਦੇ ਗੀਤਾਂ ਦੇ ਲਫ਼ਜ਼ਾਂ ਵਿੱਚ ਉਰਦੂ ਅਤੇ ਫਾਰਸੀ ਦੇ ਅਧਿਆਤਮਕ ਬੋਲਾਂ ਦੀ ਮਿਠਾਸ ਘੁਲੀ ਹੁੰਦੀ ਹੈ। ਉਸ ਦਾ ਅਸਲ ਨਾਮ ਸਤਿੰਦਰਪਾਲ ਸਿੰਘ ਹੈ। ਇਹ ਗਾਇਕ, ਗੀਤਕਾਰ ,ਕਵੀ ਅਤੇ ਐਕਟਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇਸ ਸ਼ਹਿਰ ਤੋਂ 12 ਕੁ ਕਿਲੋਮੀਟਰ ਦੱਖਣ ਵਲ ਸਥਿਤ ਪਿੰਡ ਬਜਰਾਵਰ ਦੇ ਇੱਕ ਮਧਵਰਗੀ ਸੈਣੀ ਬਰਾਦਰੀ ਦੇ ਕਿਸਾਨ ਦੇ ਪਰਿਵਾਰ ਵਿੱਚ 31 ਅਗਸਤ, 1982 ਨੂੰ ਪੈਦਾ ਹੋਇਆ।

ਸਤਿੰਦਰ ਸਰਤਾਜ ਨੇ ਮੁਢਲੀ ਸਿੱਖਿਆ ਆਪਣੇ ਪਿੰਡ ਦੇ ਸਰਕਾਰੀ ਐਲੀਮੈਂਟਰੀ ਸਕੂਲ ਤੋਂ ਪ੍ਰਾਪਤ ਕੀਤੀ। ਉਹ ਅਜੇ ਤੀਸਰੀ ਜਮਾਤ ਵਿੱਚ ਹੀ ਪੜ੍ਹਦਾ ਸੀ ਕਿ ਉਸ ਨੇ ਬਾਲ ਸਭਾਵਾਂ ਵਿੱਚ ਗਾਉਣ ਦੇ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਸ ਨੇ ਸੰਗੀਤ ਦੀ ਆਨਰਜ਼ ਡਿਗਰੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਹਾਸਲ ਕੀਤੀ ਅਤੇ ਬਤੌਰ ਗਾਇਕ ਆਪਣਾ ਜ਼ਿੰਦਗੀ ਦਾ ਸਫ਼ਰ ਐਮ.ਫਿਲ ਕਰਦਿਆਂ ਹੀ ਸ਼ੁਰੂ ਕਰ ਦਿੱਤਾ। ਉਸ ਨੇ ਸੰਗੀਤ ਵਿੱਚ ਪੀ. ਐਚ.ਡੀ ਦੀ ਉੱਚਡਿਗਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਲ ਕੀਤੀ ਅਤੇ ਇਸ ਦੇ ਸੰਗੀਤ ਵਿਭਾਗ ਵਿੱਚ ਛੇ ਸਾਲ ਤੱਕ ਸੰਗੀਤ ਵਿਸ਼ਾ ਪੜ੍ਹਾਇਆ। ਇਸੇ ਦੌਰਾਨ ਉਸ ਨੇ ਫ਼ਾਰਸੀ ਜ਼ੁਬਾਨ ਦਾ ਸਰਟੀਫੀਕੇਟ ਅਤੇ ਡਿਪਲੋਮਾ ਵੀ ਕਰ ਲਿਆ। ਇਸੇ ਸਮੇਂ ਸਤਿੰਦਰ ਨੇ ਕਵਿਤਾਵਾਂ ਅਤੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਆਪਣੇ ਨਾਮ ਨਾਲ ਤਖ਼ਲਸ 'ਸਰਤਾਜ' ਲਗਾ ਲਿਆ। ਉਹ 'ਸਾਂਈ' ਗੀਤ ਨਾਲ ਮਸ਼ਹੂਰ ਹੋਇਆ ਜਿਸ ਨੇ ਉਸ ਨੂੰ ਗਾਇਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਅਤੇ ਉਸ ਦੀ ਵੱਖਰੀ ਪਛਾਣ ਸਥਾਪਿਤ ਕਰ ਦਿੱਤੀ। ਇਸ ਸਮੇਂ ਉਸ ਨੂੰ ਮੌਜੂਦਾ ਸਾਰੇ ਗਾਇਕਾਂ ਵਿੱਚੋਂ ਸਭ ਤੋਂ ਵੱਧ ਪੜ੍ਹਿਆ-ਲਿਖਿਆ ਹੋਣ ਦਾ ਮਾਣ ਹਾਸਲ ਹੈ।

ਸ਼ੁਰੂ ਵਿੱਚ ਸਤਿੰਦਰ ਦਾ ਗਾਇਕੀ ਨੂੰ ਆਪਣਾ ਕਰੀਅਰ ਦੇ ਤੌਰ 'ਤੇ ਅਪਣਾਉਣ ਦਾ ਕੋਈ ਇਰਾਦਾ ਨਹੀਂ ਸੀ ਪਰ ਹੌਲੀ ਹੌਲੀ ਗਾਇਕੀ ਉਸ ਦੇ ਧੁਰ ਅੰਦਰ ਘਰ ਕਰਦੀ ਗਈ ਅਤੇ ਉਹ ਗਾਇਕੀ ਨੂੰ ਪਰਨਾਇਆ ਗਿਆ। ਸਤਿੰਦਰ ਸਰਤਾਜ ਇੱਕ ਗਾਇਕ ਤੋਂ ਇਲਾਵਾ ਭੰਗੜਾ ਕਲਾਕਾਰ, ਕਵੀ, ਗੀਤਕਾਰ ਅਤੇ ਸਫ਼ਲ ਐਕਟਰ ਵੀ ਹੈ। ਇਸ ਤੋਂ ਇਲਾਵਾ ਉਹ ਹਾਰਮੋਨੀਅਮ, ਚਿਮਟਾ, ਢੋਲਕ ਅਤੇ ਆਪਣਾ ਹੀ ਈਜ਼ਾਦ ਕੀਤਾ ਇੱਕ ਨਵਾਂ ਮਿਊਜ਼ੀਕਲ ਇੰਸਟਰੂਮੈਂਟ, ਜਿਸ ਨੂੰ 'ਸਾਜ਼-ਏ-ਸਰਤਾਜ' ਨਾਮ ਦਿੱਤਾ ਗਿਆ ਹੈ, ਵੀ ਬਾਖੂਬੀ ਵਜਾਉਣ ਵਿੱਚ ਮੁਹਾਰਤ ਰਖਦਾ ਹੈ। ਸਤਿੰਦਰ ਨੇ ਆਪਣੀ ਜੀਵਨ-ਸਾਥਣ ਗੌਰੀ ਨੂੰ ਬਣਾਇਆ ਹੈ ਜੋ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੀ ਦਸੂਹਾ ਕਸਬੇ ਦੀ ਰਹਿਣ ਵਾਲੀ ਹੈ।

ਸਤਿੰਦਰ ਪਹਿਲਾਂ ਯੂ.ਟਿਊਬ 'ਤੇ ਆਪਣੇ ਗੀਤ ਗਾ ਕੇ ਪਾ ਦਿੰਦਾ ਸੀ ਜਿੱਥੋਂ ਉਸ ਦੇ ਗੀਤ ਸੁਣ ਕੇ ਸਾਲ 2008 ਵਿੱਚ ਟੋਰਾਂਟੋ (ਉਨਟਾਰੀਓ) ਵਿੱਚ ਇੱਕ ਸ਼ੋਅ ਦਾ ਆਯੋਜਨ ਕੀਤਾ ਗਿਆ ਤਾਂਕਿ ਭਾਰਤੀ-ਕੈਨੇਡੀਅਨ ਉਸ ਦੇ ਗੀਤਾਂ ਦਾ ਆਨੰਦ ਲੈ ਸਕਣ। ਇੱਥੋਂ ਹੀ ਉਸ ਦੀ ਪ੍ਰਸਿੱਧੀ ਦਾ ਸਫ਼ਰ ਸ਼ੁਰੂ ਹੁੰਦਾ ਹੈ। ਸਾਲ 2011 ਵਿੱਚ ਸਰਤਾਜ ਨੇ ਬਰਿੱਟ ਏਸ਼ੀਆ ਟੀ.ਵੀ. ਐਵਾਰਡਜ਼ ਵਲੋਂ ਬੈਸਟ ਇੰਟਰਨੈਸ਼ਨਲ ਐਕਟ ਦਾ ਟਾਈਟਲ ਜਿੱਤਿਆ। ਉਸ ਨੇ 2 ਮਈ, 2014 ਨੂੰ ਰਾਇਲ ਅਲਬਰਟ ਹਾਲ ਵਿੱਚ ਆਪਣਾ ਇੱਕ ਲਾਜਵਾਬ ਸ਼ੋਅ ਕੀਤਾ। ਫਿਰ 2017 ਵਿੱਚ ਬਰਿੱਟ ਏਸ਼ੀਆ ਮਿਊਜ਼ਿਕ ਐਵਾਰਡਜ਼(ਬਾਮਾ) ਵਲੋਂ ਉਸ ਨੂੰ ਬੈਸਟ ਗੀਤ ਲਿਖਣ ਦਾ ਐਵਾਰਡ ਦਿੱਤਾ ਗਿਆ। ਇਸ ਤੋਂ ਬਾਅਦ 2018 ਵਿੱਚ ਬਾਮਾ ਵਲੋਂ ਦੁਬਾਰਾ ਸਤਿੰਦਰ ਦੀ ਐਲਬਮ. 'ਉਡਾਰੀਆਂ' ਨੂੰ 'ਮਿਊਜ਼ਿਕ ਵੀਡੀਓ ਆਫ਼ ਦਾ ਯੀਅਰ' ਐਵਾਰਡ ਦਿੱਤਾ ਗਿਆ। ਅਮੈਰੀਕਨ ਫਿਲਮ ਇੰਡਸਟਰੀ ਵਲੋਂ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਿਤ ਬਣਾਈ ਫਿਲਮ. 'ਦ ਬਲੈਕ ਪ੍ਰਿੰਸ' ਵਿੱਚ ਸਰਤਾਜ ਨੂੰ ਲੀਡ ਰੋਲ ਦਿੱਤਾ ਗਿਆ ਜੋ ਉਸ ਦੇ ਫ਼ਿਲਮੀ ਕਰੀਅਰ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਸਹਾਇਕ ਸਿੱਧ ਹੋਇਆ। ਇਹ ਫ਼ਿਲਮ 21 ਜੁਲਾਈ, 2017 ਨੂੰ ਰਿਲੀਜ਼ ਹੋਈ ਅਤੇ ਦਰਸ਼ਕਾਂ ਦੀ ਮਨਪਸੰਦ ਬਣੀ। ਇਸ ਤੋਂ ਬਾਅਦ 2020 ਵਿੱਚ ਇੱਕ ਹੋਰ ਫ਼ਿਲਮ,'ਇੱਕੋਮਿੱਕੋ' ਅਤੇ ਹੁਣ 2023 ਵਿੱਚ 'ਕਲੀ-ਜੋਟਾ' ਫ਼ਿਲਮ ਵਿੱਚ ਉਸ ਨੇ ਪ੍ਰਤਿਭਾਸ਼ਾਲੀ ਰੋਲ ਕੀਤਾ ਹੈ। ਸਤਿੰਦਰ ਸਰਤਾਜ ਦੀਆਂ ਮਸ਼ਹੂਰ ਐਲਬਮਾਂ ਦੇ ਗੀਤਾਂ ਵਿੱਚ, ਸਾਂਈ, ਦਿਲ ਦੀਆਂ ਗੱਲਾਂ, ਸੱਜਣ ਰਾਜ਼ੀ, ਉਡਾਰੀਆਂ, ਦਿਲਾਂ ਦੀ ਗੱਲ, ਸ਼ਹਿਰ ਤੇਰੇ ਤੋਂ ਅਤੇ ਰੁਤਬਾ

ਤੋਂ ਇਲਾਵਾ ਹੋਰ ਕਈ ਗੀਤ ਹਰਮਨਪਿਆਰੇ ਹਨ।

ਸਾਰੀ ਸੈਣੀ ਬਰਾਦਰੀ ਨੂੰ ਸਤਿੰਦਰ ਸਰਤਾਜ ਦੀ ਪ੍ਰਤਿਭਾਸ਼ਾਲੀ ਕਲਾ 'ਤੇ ਅੰਤਾਂ ਦਾ ਮਾਣ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਉਹ ਆਪਣੇ ਖੇਤਰ ਵਿੱਚ ਦਿਨ ਦੂਣੀ, ਰਾਤ ਚੌਗਣੀ ਤਰੱਕੀ ਕਰੇ।

### ਭੁਪਿੰਦਰ ਸਿੰਘ ਬਬਲ



ਇਹ ਪ੍ਰਤਿਭਾਸ਼ਾਲੀ ਲੋਕ ਗਾਇਕ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਉਦੋਂ ਆਇਆ ਜਦੋਂ ਉਸ ਨੂੰ 28 ਜਨਵਰੀ, 2024 ਨੂੰ ਗਾਂਧੀਨਗਰ (ਗੁਜਰਾਤ) ਵਿਖੇ 69ਵੇਂ ਫਿਲਮ ਫੇਅਰ ਐਵਾਰਡਜ਼ ਸਮਾਰੋਹ ਸਮੇਂ ਸਰਵੋਤਮ ਪਿਠਵਰਤੀ ਗਾਇਕ ਵਜੋਂ ਸਨਮਾਨਿਤ ਕੀਤਾ ਗਿਆ। ਉਸ ਨੂੰ ਇਹ ਐਵਾਰਡ ਹਿੰਦੀ ਫਿਲਮ 'ਐਨੀਮਲ' ਲਈ ਗਾਣਾ 'ਅਰਜਨ ਵੈਲੀ' ਲਈ ਦਿੱਤਾ ਗਿਆ ਹੈ। ਇਸ ਫਿਲਮ ਦਾ ਅਭਿਨੇਤਾ ਰਣਬੀਰ ਕਪੂਰ ਹੈ ਜਿਸ ਨੇ ਸਰਬੋਤਮ ਅਦਾਕਾਰ ਦਾ ਇਨਾਮ ਹਾਸਲ ਕੀਤਾ। ਇਸ ਸਮਾਰੋਹ ਵਿੱਚ ਬਾਲੀਵੁੱਡ ਦੀਆਂ ਕਈ ਵੱਡੀਆਂ ਹਸਤੀਆਂ ਮੌਜੂਦ ਸਨ। ਇਹ ਸਨਮਾਨ ਮਿਲਦਿਆਂ ਹੀ ਭੁਪਿੰਦਰ ਬਬਲ ਨੂੰ ਦਰਜਣਾ ਪੰਜਾਬੀ ਫਿਲਮਾਂ ਦੇ ਨਿਰਦੇਸ਼ਕਾਂ ਨੇ ਆਪਣੀਆਂ ਫਿਲਮਾਂ ਲਈ ਗਾਉਣ ਦਾ ਸੱਦਾ ਦਿੱਤਾ ਹੈ।

ਭੁਪਿੰਦਰ ਸਿੰਘ ਬਬਲ ਨੇ ਇਸ ਖੇਤਰ ਵਿੱਚ ਬੜਾ ਲੰਮਾ ਸੰਘਰਸ਼ ਕੀਤਾ ਹੈ। ਉਹ ਕੁਰਾਲੀ ਦੇ ਨਜ਼ਦੀਕ ਪਿੰਡ ਨਿਉਲਕਾ ਵਿਖੇ ਇੱਕ ਸਾਧਾਰਨ ਕਿਸਾਨੀ ਸੈਣੀ ਪਰਿਵਾਰ ਵਿੱਚ ਪਿਤਾ ਸ.ਸੁਰਜੀਤ ਸਿੰਘ ਅਤੇ ਮਾਤਾ ਸ਼੍ਰੀਮਤੀ ਗੁਰਮੀਤ ਕੌਰ ਦੇ ਘਰ ਪੈਦਾ ਹੋਇਆ। ਉਸ ਨੇ ਸਕੂਲੀ ਸਿੱਖਿਆ ਖਾਲਸਾ ਹਾਇਰ ਸੈਕੰਡਰੀ ਸਕੂਲ ਕੁਰਾਲੀ ਤੋਂ ਲਈ ਅਤੇ ਫਿਰ ਗ੍ਰੈਜੂਏਸ਼ਨ ਅਤੇ ਰਾਜਨੀਤੀ ਸ਼ਾਸਤਰ ਵਿੱਚ ਪੋਸਟ ਗ੍ਰੈਜੂਏਸ਼ਨ ਦੀਆਂ ਡਿਗਰੀਆਂ ਸਰਕਾਰੀ ਕਾਲਜ ਰੋਪੜ ਤੋਂ ਹਾਸਿਲ ਕੀਤੀਆਂ। ਉਸ ਦਾ ਨਿਸ਼ਾਨਾ ਫੌਜ ਵਿੱਚ ਕਮਿਸ਼ਨ ਪ੍ਰਾਪਤ ਕਰ ਕੇ ਦੇਸ਼ ਦੀ ਸੇਵਾ ਕਰਨਾ ਸੀ। ਇਸ ਖਾਹਿਸ਼ ਦੀ ਪੂਰਤੀ ਲਈ ਉਸ ਨੇ ਸਕੂਲ ਵਿੱਚ ਅਤੇ ਕਾਲਜ ਵਿੱਚ ਐਨ.ਸੀ.ਸੀ ਏ, ਬੀ ਤੇ ਸੀ ਸਰਟੀਫੀਕੇਟ ਹਾਸਲ ਕੀਤੇ। ਪਰ ਕਿਸਮਤ ਵਿੱਚ ਕੁੱਝ ਹੋਰ ਹੀ ਸੀ।

ਉਸ ਦੀ ਗਾਇਕ ਪ੍ਰਤਿਭਾ ਤਾਂ ਸਕੂਲ ਪੱਧਰ 'ਤੇ ਹੀ ਪ੍ਰਗਟ ਹੋ ਗਈ ਸੀ ਜਿਸ ਤਹਿਤ ਉਸ ਨੇ ਕਈ ਮੁਕਾਬਲਿਆਂ ਵਿੱਚ ਮੈਡਲ ਹਾਸਲ ਕੀਤੇ। ਕਾਲਜ ਵਿੱਚ ਪੜ੍ਹਦਿਆਂ ਉਸ ਨੇ ਕਈ ਅੰਤਰ-ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਯੂਥ ਫੈਸਟੀਵਲਾਂ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਪ੍ਰਕਾਰ ਉਸ ਦੀ ਗਾਇਕ ਯੋਗਤਾ ਨਿੱਖਰਨ ਲਗ ਪਈ। ਇਸ ਲਈ ਆਪਣੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਸੰਗੀਤਕਾਰ ਬਣਨ ਦਾ ਫੈਸਲਾ ਕੀਤਾ। ਉਸ ਨੇ ਪੈਸਿਆਂ ਲਈ ਪਿੰਡਾਂ ਵਿੱਚ ਵਿਆਹਾਂ ਅਤੇ ਕੁਸ਼ਤੀ ਮੁਕਾਬਲਿਆਂ ਸਮੇਂ ਗਾਉਣਾ ਸ਼ੁਰੂ ਕਰ ਦਿੱਤਾ। ਉਸ ਦੁਆਰਾ ਗਾਏ ਪੁਰਾਣੇ ਲੋਕ ਗੀਤਾਂ, ਬੋਲੀਆਂ, ਮਿਰਜ਼ਾ ਅਤੇ ਛੱਲਾ ਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ। ਉਸ ਨੇ ਕਈ ਕਾਲਜ ਸੱਭਿਆਚਾਰਕ ਮੁਕਾਬਲਿਆਂ ਵਿੱਚ ਜੱਜ ਵਜੋਂ ਡਿਊਟੀ ਨਿਭਾਈ। ਆਮਦਨ ਦਾ ਪੱਕਾ ਵਸੀਲਾ ਬਣਾਉਣ ਲਈ ਉਸ ਨੇ ਕਈ ਸਾਲਾਂ ਤੱਕ ਚੰਡੀਗੜ੍ਹ ਵਿਖੇ ਐਸ.ਡੀ ਕਾਲਜ ਵਿੱਚ ਸੰਗੀਤ ਦਾ ਵਿਸ਼ਾ ਪੜ੍ਹਾਇਆ। ਇਸ ਦੌਰਾਨ ਉਸ ਨੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿੱਚ ਜਾ ਕੇ ਆਪਣੀ ਗਾਇਕੀ ਕਲਾ ਦਾ ਪ੍ਰਦਰਸ਼ਨ ਕੀਤਾ। ਉਸ ਨੇ 'ਸੇਂਟ ਸੋਲਜਰ' ਅਤੇ 'ਮੁੰਡਿਓ ਆ ਗਏ ਓਏ' ਜਿਹੇ ਗੀਤਾਂ ਸਦਕਾ ਪ੍ਰਸਿੱਧੀ ਹਾਸਲ ਕੀਤੀ। ਉਸ ਨੇ ਕੈਨੇਡਾ ਵਿਚ ਯੂਥ ਪੰਜਾਬ ਬਸੰਤ ਮੇਲਾ ਅਤੇ ਚੰਡੀਗੜ੍ਹ ਵਿਖੇ ਲੋਹੜੀ ਮੇਲੇ ਸਮੇਂ ਵੀ ਗਾਇਕੀ ਦਾ ਰੰਗ ਬੰਨ੍ਹਿਆ। ਜਨਵਰੀ 2022 ਵਿੱਚ ਉਸ ਨੇ ਡੱਬਵਾਲੀ ਵਿਖੇ ਬੈਨੀਪਾਲ ਭੈਣਾਂ ਨਾਲ ਕਨਸਰਟ ਵਿੱਚ ਭਾਗ ਲਿਆ। ਇਨ੍ਹਾਂ ਪ੍ਰਾਪਤੀਆਂ ਸਦਕਾ ਉਸ ਨੂੰ ਪੰਜਾਬ ਕਲਾ ਭਵਨ ਚੰਡੀਗੜ੍ਹ ਦਾ ਮੈਂਬਰ ਬਣਨ ਦਾ ਮਾਣ ਵੀ ਹਾਸਲ ਹੋਇਆ।

ਉਸ ਦਾ ਇੱਕ ਬੇਟਾ ਸ਼ਗਨਪ੍ਰੀਤ ਸਿੰਘ ਅਤੇ ਬੇਟੀ ਹਰਸਿਮਰਨਦੀਪ ਕੌਰ ਆਪਣੇ ਬਾਪ ਦੀ ਕਲਾ ਪ੍ਰਤਿਭਾ 'ਤੇ ਮਾਣ ਮਹਿਸੂਸ ਕਰਦੇ ਹਨ। ਸੈਣੀ ਬਰਾਦਰੀ ਨੂੰ ਇਸ ਗਾਇਕ ਕਲਾਕਾਰ ਤੋਂ ਬਹੁਤ ਉਮੀਦਾਂ ਹਨ।

### ਗੁਰਕ੍ਰਿਪਾਲ ਸੂਰਾਪੁਰੀ



ਜ਼ਿਲ੍ਹਾ ਐਸ.ਬੀ.ਐਸ. ਨਗਰ ਦੇ ਪਿੰਡ ਸੂਰਾਪੁਰ ਵਿੱਚ ਗਹੁਣੀਆਂ(ਸੈਣੀ) ਪਰਿਵਾਰ ਦੇ ਇਸ ਨੌਜਵਾਨ ਗਾਇਕ ਦੀ ਕਹਾਣੀ ਬੜੀ ਦਿਲਚਸਪ ਹੈ। ਉਹ ਜਦੋਂ ਸਰਕਾਰੀ ਪੋਸਟ ਗ੍ਰੈਜੂਏਟ ਕਾਲਜ ਸੈਕਟਰ-11 ਚੰਡੀਗੜ੍ਹ ਵਿੱਚ ਪੜ੍ਹ ਰਿਹਾ ਸੀ ਤਾਂ ਨਵੇਂ ਸਾਲ ਦੇ ਮੌਕੇ ਜਲੰਧਰ ਦੂਰਦਰਸ਼ਨ ਤੇ ਪਹਿਲੀ ਵਾਰ ਇੱਕ ਗਾਣਾ ਗਾਇਆ। ਇਸ ਗਾਣੇ ਨੂੰ ਲੋਕਾਂ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਸੂਰਾਪੁਰੀ ਨੂੰ ਗਾਇਕੀ ਦਾ ਕਿੱਤਾ ਅਪਨਾਉਣ ਲਈ ਜ਼ੋਰ ਪਾਇਆ। ਪਰ ਸੂਰਾਪੁਰੀ ਇਸ ਲਈ ਤਿਆਰ ਨਾ ਹੋਇਆ ਕਿਉਂਕਿ ਉਹ ਗਾਇਕੀ ਨੂੰ ਕੇਵਲ ਸ਼ੌਕ ਵਜੋਂ ਧਾਰਨ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਸਰਕਾਰੀ ਪਾਲੀਟੈਕਨਿਕ ਕਾਲਜ ਹੁਸ਼ਿਆਰਪੁਰ ਤੋਂ ਇਲੈਕਟ੍ਰਾਨਿਕਸ ਵਿੱਚ ਡਿਪਲੋਮਾ ਕਰ ਲਿਆ ਅਤੇ ਜਲਦੀ ਹੀ ਉਸ ਨੂੰ ਮੋਹਾਲੀ ਵਿਖੇ ਪੰਨਵਾਇਰ ਕੰਪਨੀ ਵਿੱਚ ਸੀਨੀਅਰ ਟੈਕਨੀਕਲ ਅਸਿਟੈਂਟ ਦੀ ਨੌਕਰੀ ਮਿਲ ਗਈ। ਉਸ ਨੇ ਪੂਰੀ

ਦਿਆਨਤਦਾਰੀ ਨਾਲ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ ਅਤੇ ਨਾਲੋ ਨਾਲੋ ਆਪਣੇ ਗਾਇਕੀ ਦੇ ਸ਼ੌਕ ਨੂੰ ਪੂਰਾ ਕਰਦਾ ਰਿਹਾ। ਸਰਕਾਰ ਦੀਆਂ ਗਲਤ ਨੀਤੀਆਂ ਦੇ ਨਤੀਜੇ ਵਜੋਂ ਕੁੱਝ ਸਾਲਾਂ ਬਾਅਦ ਹੀ ਇਹ ਕੰਪਨੀ ਬੰਦ ਹੋ ਗਈ ਅਤੇ ਸਾਰੇ ਹੋਰ ਮੁਲਾਜ਼ਮਾਂ ਦੇ ਨਾਲ ਹੀ ਗੁਰਕ੍ਰਿਪਾਲ ਵੀ ਬੇਰੁਜ਼ਗਾਰ ਹੋ ਗਿਆ। ਹੁਣ ਆਮਦਨ ਦਾ ਕੋਈ ਹੋਰ ਸਾਧਨ ਨਾ ਹੋਣ ਕਾਰਨ ਆਪਣੇ ਦੋਸਤਾਂ ਅਤੇ ਹਿਤੈਸ਼ੀਆਂ ਦੀ ਸਲਾਹ ਨਾਲ ਉਸ ਨੇ ਗਾਇਕੀ ਦੀ ਆਪਣੀ ਪ੍ਰਤਿਭਾ ਨੂੰ ਹੀ ਨਿਖਾਰਨਾ ਸ਼ੁਰੂ ਕਰ ਦਿੱਤਾ। ਸੰਨ 2001 ਵਿੱਚ ਉਸ ਦੀ ਪਹਿਲੀ ਐਲਬਮ, 'ਸੋਹਣੀ ਜਿਹੀ ਕੁੜੀ' ਆਈ ਜਿਸ ਨੇ ਸਰੋਤਿਆਂ ਨੇ ਬੇਹੱਦ ਪਸੰਦ ਕੀਤਾ। ਕਿਸੇ ਪ੍ਰਭਾਵਸ਼ਾਲੀ ਗੌਡਫਾਦਰ ਦੀ ਅਣਹੋਂਦ ਕਾਰਨ ਸੂਰਾਪੁਰੀ ਨੂੰ ਇਸ ਖੇਤਰ ਵਿੱਚ ਆਪਣੇ ਪੈਰ ਜਮਾਉਣ ਲਈ ਇਕੱਲਿਆਂ ਹੀ ਅਣਥੱਕ ਮਿਹਨਤ ਕਰਨੀ ਪਈ। ਪਰ ਉਸ ਨੇ ਅਸ਼ਲੀਲ ਗਾਣਿਆਂ ਦੇ ਵਗਦੇ ਦਰਿਆ ਵਿੱਚ ਵਹਿਣ ਤੋਂ ਇਨਕਾਰ ਕਰਦਿਆਂ ਹਮੇਸ਼ਾਂ ਸੱਭਿਆਚਾਰਕ ਗਾਣਿਆਂ ਨੂੰ ਹੀ ਤਰਜੀਹ ਦਿੱਤੀ ਭਾਵੇਂ ਇਸ ਲਈ ਉਸ ਨੂੰ ਪ੍ਰਸਿੱਧੀ ਦੀ ਕੁਰਬਾਨੀ ਹੀ ਦੇਣੀ ਪਈ। ਇਹ ਹੀ ਕਾਰਨ ਸੀ ਕਿ ਸੂਰਾਪੁਰੀ ਦੇ ਗਾਣਿਆਂ ਨੂੰ ਹਰ ਵਰਗ ਦੇ ਸਰੋਤਿਆਂ ਨੇ ਸਲਾਹਿਆ। ਉਸ ਦੀਆਂ ਐਲਬਮਾਂ-'ਇਸ਼ਕੇ ਦੀਆਂ ਚੋਟਾਂ', 'ਰੁਸ ਜਾਊਗਾ ਸੋਹਣਾ', 'ਜਦੋਂ ਦੀਆਂ ਟੁੱਟੀਆਂ ਨੇ ਯਾਰੀਆਂ', 'ਤੇਰੇ ਨਾਲ ਹੱਸ ਕੀ ਲਿਆ', 'ਯਾਰੀ ਲਾ ਕੇ ਜਿਹੜੇ', ਅਤੇ 'ਦਿਲ ਤੇਰੇ ਨਾਮ' ਦੇ ਗਾਣਿਆਂ ਨੇ ਉਸ ਨੂੰ ਸਫ਼ਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਹੁਣ ਉਸ ਨੇ ਨੌਜਵਾਨਾਂ ਦੀ ਪਸੰਦ ਦੇ ਗਾਣੇ ਵੀ ਪੇਸ਼ ਕਰਨੇ ਸ਼ੁਰੂ ਕੀਤੇ ਹਨ ਜਿਨ੍ਹਾਂ ਦੀ ਐਲਬਮ, 'ਮੁੰਡੇ ਦਾ ਦਿਲ' ਮਲੇਸ਼ੀਆ ਵਿੱਚ ਰਿਕਾਰਡ ਕਰਵਾਈ ਹੈ। ਸੂਰਾਪੁਰੀ ਗਾਣੇ ਲਿਖਣ ਦਾ ਵੀ ਮਾਹਰ ਹੈ। ਉਹ ਆਪਣੇ ਬਹੁਤੇ ਪ੍ਰੋਗਰਾਮ ਕੈਨੇਡਾ, ਯੂ.ਐਸ.ਏ ਅਤੇ ਹਾਲੈਂਡ ਵਿੱਚ ਹੀ ਪੇਸ਼ ਕਰਦਾ ਹੈ। ਉਸ ਨੂੰ ਫਿਲਮਾਂ ਵਿੱਚ ਐਕਟਿੰਗ ਕਰਨ ਦੀਆਂ ਵੀ ਕਈ ਪੇਸ਼ਕਸ਼ਾਂ ਆਈਆਂ ਹਨ ਪਰ ਇਹ ਉਸ ਦਾ ਪਸੰਦੀਦਾ ਖੇਤਰ ਨਹੀਂ ਕਿਉਂਕਿ ਉਹ ਕਾਲਜ ਸਮੇਂ ਥੀਏਟਰ ਨਾਲ ਜੁੜਿਆ ਹੋਇਆ ਸੀ। ਉਹ ਬਹੁਤ ਹੀ ਮਿਲਣਸਾਰ ਅਤੇ ਨਿਮਰ ਸੁਭਾ ਦਾ ਮਾਲਕ ਹੈ। ਪਰਮਾਤਮਾ ਉਸ ਨੂੰ ਬੁਲੰਦੀਆਂ ਬਖਸ਼ੇ।

## ਜਸਰਾਜ ਜੱਸੀ



ਜਸਰਾਜ ਜੱਸੀ ਵਜੋਂ ਪ੍ਰਸਿੱਧ ਜਸਰਾਜ ਸਿੰਘ ਲੌਂਗੀਆ ਇਕ ਇਨਕਲਾਬੀ ਗਾਇਕ, ਲਿਖਾਰੀ ਅਤੇ ਨਿਧੜਕ ਵਕਤਾ ਹਨ। ਉਨ੍ਹਾਂ ਦਾ ਜਨਮ ਮੋਹਾਲੀ ਜ਼ਿਲ੍ਹੇ ਦੇ ਪਿੰਡ ਦੇਸੂ ਮਾਜਰਾ ਵਿਖੇ 18 ਅਪ੍ਰੈਲ, 1973 ਨੂੰ ਨਾਨਕਾ ਘਰ ਵਿੱਚ ਹੋਇਆ। ਉਸ ਨੇ ਗ੍ਰੈਜੂਏਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰਨ ਉਪਰੰਤ ਪੰਜਾਬੀ ਗਾਣੇ ਲਿਖਣੇ ਤੇ ਗਾਉਣੇ ਆਰੰਭ ਕਰ ਦਿੱਤੇ। ਉਹ ਗਾਇਕ ਦੇ ਨਾਲ ਨਾਲ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਉਹ ਸਮਾਜਿਕ ਬੁਰਾਈਆਂ ਅਤੇ ਰਾਜਨੀਤਿਕ ਗਿਰਾਵਟ ਵਿਰੁੱਧ ਖੁਲ੍ਹ ਕੇ ਬੋਲਣ ਵਾਲਾ ਕਲਾਕਾਰ ਹੈ। ਸੰਨ 2009 ਵਿੱਚ ਉਸ ਨੇ ਮਨੁੱਖਤਾ ਦੀ ਸੇਵਾ ਲਈ ਪਤਵੰਤੇ ਵਿਅਕਤੀਆਂ ਅਤੇ ਕਲਾਕਾਰਾਂ ਨੂੰ ਪ੍ਰੇਰਿਤ ਕਰਕੇ ਇਕ ਸੰਸਥਾ ਬਣਾਈ ਜਿਸ ਰਾਹੀਂ ਲੋੜਵੰਦਾਂ ਲਈ ਖੂਨ, ਭੋਜਨ ਅਤੇ ਦਵਾਈਆਂ ਆਦਿ ਦਾਨ ਇਕੱਠਾ ਕੀਤਾ। ਇਸ ਰਾਹੀਂ ਉਸ ਨੇ ਵਿਸ਼ਵ ਮਨੁੱਖਤਾ ਦਿਵਸ ਮੌਕੇ 23 ਮਾਰਚ ਨੂੰ ਭਾਰਤ ਦੇ ਸ਼ਹੀਦਾਂ ਦੀ ਯਾਦ ਵਿੱਚ ਦਿਨ ਮਨਾਇਆ। ਸੰਨ 2012 ਵਿੱਚ ਉਸ ਨੇ ਪੰਜਾਬੀ ਗਾਣਿਆਂ ਵਿੱਚ ਅਸ਼ਲੀਲਤਾ ਵਿਰੁੱਧ ਆਵਾਜ਼ ਉਠਾਈ। ਉਹ ਆਪਣੇ ਗਾਣਿਆਂ ਰਾਹੀਂ ਨਿਰੰਤਰ ਭਾਰਤ ਅਤੇ ਪੰਜਾਬ ਸੂਬੇ ਦੀਆਂ ਸਮੱਸਿਆਵਾਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਦਾ ਰਹਿੰਦਾ ਹੈ। ਸੰਨ 1984 ਵਿੱਚ ਉਸ ਨੇ ਆਪਣੇ ਗਾਣੇ, 'ਤੇਜ਼ਾਬ' ਰਾਹੀਂ ਸਿੱਖਾਂ ਦੀ ਨਸਲਕੁਸ਼ੀ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਹ ਮੁੰਬਈ ਦੀ ਫਿਲਮ ਰਾਈਟਰਜ਼ ਐਸੋਸੀਏਸ਼ਨ ਦਾ ਮੈਂਬਰ ਵੀ ਹੈ। ਸੰਨ 2013 ਵਿੱਚ ਉਸ ਨੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਦੀ ਫਿਲਮ, 'ਬਿੱਕਰ ਬਾਈ ਸੈਂਟੀਮੈਂਟਲ' ਵਿੱਚ ਮੁੱਖ ਰੋਲ ਅਦਾ ਕੀਤਾ। ਉਹ ਰਾਜਨੀਤੀ ਵਿੱਚ ਵੀ ਖੁਲ੍ਹ ਕੇ ਭਾਗ ਲੈਂਦਾ ਹੈ। ਇਸ ਲਈ 2014 ਵਿੱਚ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਅਤੇ ਬਠਿੰਡਾ ਤੋਂ ਲੋਕ ਸਭਾ ਦੀ ਚੋਣ ਲੜੀ। ਇਸ ਸਮੇਂ ਉਸ ਦਾ ਗੀਤ 'ਇਨਕਲਾਬ' ਸਾਰੇ ਚੋਣ ਜਲਸਿਆਂ ਵਿੱਚ ਸੁਣਾਇਆ ਗਿਆ। ਫਿਰ 2015 ਵਿੱਚ ਗਾਣਾ 'ਇਨਕਲਾਬ-2' ਦਿੱਲੀ ਵਿਧਾਨ ਸਭਾ ਚੋਣਾ ਸਮੇਂ ਲੋਕਪ੍ਰਿਯ ਹੋਇਆ। ਉਸ ਨੇ 2019 ਵਿੱਚ ਆਜ਼ਾਦ ਉਮੀਦਵਾਰ ਵਜੋਂ ਸੰਗਰੂਰ ਤੋਂ ਲੋਕ ਸਭਾ ਚੋਣ ਲੜੀ। ਹੁਣ ਉਸ ਨੇ ਫਿਲਮ, 'ਨੈਸ਼ਨਲ ਫਿਲਮ2 ਮੂਸਾ' ਬਣਾਈ ਹੈ ਜਿਸ ਰਾਹੀਂ ਪੰਜਾਬੀ ਨੌਜਵਾਨਾਂ ਵਿੱਚ ਨਸ਼ਿਆਂ ਦੀ ਬੁਰਾਈ ਅਤੇ ਬੰਦੂਕ ਅਤੇ ਗੈਂਗਸਟਰ ਕਲਚਰ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਜੱਸੀ ਜਸਰਾਜ ਆਪਣੇ ਗਾਣਿਆਂ ਨਾਲ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਤੇ ਰਾਜਨੀਤਿਕ ਤਬਦੀਲੀ ਲਈ ਬੁਲੰਦ ਆਵਾਜ਼ ਉਠਾਉਣ ਵਾਲਾ ਗਾਇਕ ਕਲਾਕਾਰ ਹੈ।

## ਸੁਰਿੰਦਰ ਸਿੰਘ ਸੈਣੀ



ਅਨੰਦਪੁਰ ਸਾਹਿਬ ਦੀ ਬਗਲ ਵਿੱਚ ਇੱਕ ਛੋਟੇ ਜਿਹੇ ਪਿੰਡ ਨਿੱਕੂਵਾਲ ਦੇ ਸਾਧਾਰਨ ਕਿਸਾਨੀ ਸੈਣੀ ਪਰਿਵਾਰ ਨੇ ਕਦੇ ਨਹੀਂ ਸੋਚਿਆ ਹੋਵੇਗਾ ਕਿ ਉਨ੍ਹਾਂ ਦਾ ਪੁੱਤਰ ਦੁਨੀਆਂ ਦਾ ਪ੍ਰਸਿੱਧ ਪੌਪ ਗਾਇਕ ਬਣੇਗਾ। ਆਪ ਦਾ ਜਨਮ ਸ. ਕਿਸ਼ਨ ਸਿੰਘ ਸੈਣੀ

(ਜਗੈਤ) ਦੇ ਘਰ ਪਹਿਲੀ ਮਈ, 1984 ਨੂੰ ਹੋਇਆ। ਸੁਰਿੰਦਰ ਸੈਣੀ ਨਾਮ ਨਾਲ ਜਾਣੇ ਜਾਂਦੇ ਇਸ ਨੌਜਵਾਨ ਨੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਮਟੌਰ ਅਤੇ ਗ੍ਰੈਜੂਏਸ਼ਨ ਖਾਲਸਾ ਕਾਲਜ ਅਨੰਦਪੁਰ ਸਾਹਿਬ ਤੋਂ ਕਰ ਕੇ ਆਪਣੀ ਗਾਇਕ ਪ੍ਰਤਿਭਾ ਨੂੰ ਨਿਖਾਰਨਾ ਸ਼ੁਰੂ ਕਰ ਦਿੱਤਾ। ਸਕੂਲ ਵਿੱਚ ਆਪ ਦੀ ਸੰਗੀਤ ਅਧਿਆਪਕਾ ਮੈਡਮ ਬ੍ਰਿਜ ਮੋਹਨ ਨੇ ਉਸ ਦੀ ਸੰਗੀਤ ਕਲਾ ਨੂੰ ਨਿਖਾਰਿਆ ਅਤੇ ਕਾਲਜ ਵਿੱਚ ਪ੍ਰੋ. ਜਸਵੀਰ ਸਿੰਘ ਨੇ ਉਸ ਨੂੰ ਯੂਥ ਫੈਸਟੀਵਲਾਂ ਵਿੱਚ ਭਾਗ ਲੈਣ ਲਈ ਉਤਸਾਹਿਤ ਕੀਤਾ। ਸੰਗੀਤ ਦਾ ਗੂੜ੍ਹ ਗਿਆਨ ਉਸ ਨੇ ਨੰਗਲ ਦੇ ਉਸਤਾਦ ਪ੍ਰਵੇਜ਼ ਖਾਨ ਤੋਂ ਹਾਸਲ ਕੀਤਾ। ਉਸ ਨੇ ਚੜ੍ਹਦੀ ਉਮਰੇ ਹੀ ਸੰਨ 2007 ਵਿੱਚ ਲੋਕ ਗੀਤਾਂ ਦੀ ਆਪਣੀ ਪਹਿਲੀ ਐਲਬਮ, 'ਬੋਲੀਆਂ' ਪੇਸ਼ ਕਰਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਉਸ ਨੇ 2009 ਵਿੱਚ ਡੁਬਈ ਵਿੱਚ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਇਸ ਤੋਂ ਬਾਅਦ ਉਸ ਨੇ 'ਐਸ਼ ਕਰੋ ਐਸ਼', 'ਮੁਕਿਆ ਨਹੀਂ ਖਾਲਸਾ', ਮਾਂ ਹੀ ਚੇਤੇ ਆਉਂਦੀ ਹੈ', 'ਦਿਲ ਕਾਲਾ', 'ਡਰੰਮ ਸਟਰੱਕ', 'ਵਹਿਗੁਰੂ', 'ਭੰਗੜਾ', 'ਮੁੰਦਰਾਂ', 'ਥੋਰ', 'ਗੈਟ ਫਾਂਕੀ', 'ਸ਼ੌਂਕ', 'ਵਲਡ ਫੇਮਸ', 'ਰੰਗੀਲਾ', 'ਦੁਪੱਟਾ', 'ਬੀਟ ਇਟ ਬੋਲੀਆਂ', 'ਸਿੱਧਾ ਸਾਧਾ', 'ਨੋਟੋਰੀਅਸ', 'ਕੋਲ ਬੋਲੀਆਂ', 'ਅੰਬ ਦਾ ਬੂਟਾ', 'ਰੈਹਦੇ', 'ਪ੍ਰੀਤ ਕੌਰੇ', 'ਬਿੰਦਰਖਿਆ ਟ੍ਰਿਬਿਊਟ', 'ਅਨਪੜ੍ਹ ਦੇਸੀ', 'ਤੇਰਾ ਠੁਮਕਾ', 'ਤੇਰੇ ਬਿਨ', 'ਗੱਭਰੂ ਨੰਬਰ 1', 'ਚੈਪਟਰ ਪੰਜ', 'ਅਸਲਾ ਤੇ ਯਾਰ', 'ਮੁਟਿਆਰ', 'ਜੱਟੀ ਨੇਹ', 'ਤੇਰੇ ਵਾਲੀ ਜੱਟੀ', 'ਗਰਾਰੀ', 'ਖਸਮਾਂ ਖਾਣੀ', 'ਭੰਗੜਾ ਵਰਸਸ ਗਿੱਧਾ', 'ਬਹਿਜਾ ਬਹਿਜਾ', 'ਲੱਕ', 'ਮੁੱਛ ਵਰਸਸ ਸੂਟ', 'ਸਟਾਰਡਮ', 'ਪਟਵਾਰੀ', ਅਤੇ 'ਨਫੇ ਨਫੇ' ਜਿਹੀਆਂ ਐਲਬਮਾਂ ਸੰਗੀਤ ਪ੍ਰੇਮੀਆਂ ਨੂੰ ਪੇਸ਼ ਕੀਤੀਆਂ ਜਿਸ ਨਾਲ ਉਸ ਦੀ ਪ੍ਰਸਿੱਧੀ ਆਸਮਾਨ ਨੂੰ ਛੂਹਣ ਲੱਗੀ। ਉਸ ਦੇ ਗੀਤਾਂ ਦੀਆਂ 23 ਐਲਬਮਾਂ ਅਤੇ ਇੱਕ ਪੰਜਾਬੀ ਫਿਲਮ 'ਚੇਤਾ ਸਿੰਘ ਜਾਸੂਸ' ਹੁਣ ਤਿਆਰੀ ਅਧੀਨ ਹਨ। ਸੰਨ 2010 ਵਿੱਚ ਉਹ ਇੰਗਲੈਂਡ ਚਲੇ ਗਿਆ ਅਤੇ ਫਿਰ ਅਮਰੀਕਾ ਦਾ ਪੱਕਾ ਵਸਨੀਕ ਬਣ ਗਿਆ। ਉਹ ਜ਼ਿਆਦਾਤਰ ਲੰਡਨ ਵਿੱਚ ਹੀ ਸ਼ੂਟਿੰਗ ਕਰਦਾ ਹੈ।

ਸੁਰਿੰਦਰ ਸੈਣੀ ਨੂੰ ਬੀ ਬੀ ਸੀ ਰੇਡੀਓ ਲੰਡਨ, ਪੀ ਟੀ ਸੀ ਪੰਜਾਬੀ, ਕੈਨੇਡਾ ਵਿੱਚ ਰੰਗਲਾ ਪੰਜਾਬ, ਯੂ ਐਸ ਏ ਵਿੱਚ ਪੰਜਾਬੀ ਰੇਡੀਓ, ਯੂ ਕੇ ਭੰਗੜਾ ਕਲਚਰ, ਪੀ ਟੀ ਸੀ ਚੱਕ ਦੇ, ਪ੍ਰਾਇਮ ਏਸ਼ੀਆ ਟੀਵੀ ਆਦਿ ਪ੍ਰਸਿੱਧ ਮੀਡੀਆ ਅਦਾਰਿਆਂ ਨੇ ਇੰਟਰਵਿਊ ਲਈ ਸੱਦਾ ਦੇ ਕੇ ਉਸ ਦੀ ਪਹਿਚਾਣ ਵਿਸ਼ਵ ਪੱਧਰ 'ਤੇ ਕਰਵਾ ਦਿੱਤੀ। ਉਸ ਦੀ ਸੰਗੀਤ ਕਲਾ ਬਾਰੇ ਜੱਗਬਾਣੀ ਅਤੇ ਪੰਜਾਬ ਕੇਸਰੀ ਨੇ ਵੀ ਲੇਖ ਪ੍ਰਕਾਸ਼ਿਤ ਕੀਤੇ ਹਨ। ਇਸ ਕਲਾਕਾਰ ਨੇ ਅਜੇ ਹੋਰ ਉੱਚੀਆਂ ਮੰਜ਼ਲਾਂ ਸਰ ਕਰਨੀਆਂ ਹਨ।

## ਡਾ.ਨਰਿੰਦਰ ਨਿੰਦੀ



ਡਾ.ਨਰਿੰਦਰ ਸਿੰਘ ਨਿੰਦੀ ਇੱਕ ਬਹੁਪੱਖੀ ਕਲਾਕਾਰ ਹਨ। ਉਨ੍ਹਾਂ ਨੇ ਜ਼ਿਲ੍ਹਾ ਰੂਪਨਗਰ ਦੇ ਪਿੰਡ ਜਟਾਣਾ ਦੇ ਬੋਲ਼ਾ ਗੋਤ ਦੇ ਸੈਣੀ ਪਰਿਵਾਰ ਵਿੱਚ ਗਿਆਨੀ ਦਲਜੀਤ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਜਨਮ ਲਿਆ। ਇਹ ਪਰਿਵਾਰ 'ਰਾਗੀ ਪਰਿਵਾਰ' ਵਜੋਂ ਜਾਣਿਆਂ ਜਾਂਦਾ ਹੈ ਜਿਨ੍ਹਾਂ ਦੇ ਵੱਡੇਵਡੇਰੇ ਅੰਮ੍ਰਿਤਸਰ ਸਾਹਿਬ ਵਿਖੇ ਰਹਿੰਦੇ ਸਨ। ਉਨ੍ਹਾਂ ਨੇ ਸ਼੍ਰੀ ਹਰਿਮੰਦਰ ਸਾਹਿਬ ਵਿੱਚ 'ਰਾਗੀਆਂ ਦਾ ਬੁੰਗਾ' ਵੀ ਸਥਾਪਤ ਕੀਤਾ ਹੋਇਆ ਸੀ। ਇਸ ਪ੍ਰਕਾਰ ਡਾ. ਨਿੰਦੀ ਨੂੰ ਪੰਜਾਬੀ ਲੋਕ ਰਾਗ-ਰੰਗ ਦੀ ਗੁੜ੍ਹਤੀ ਵਿਰਸੇ ਤੋਂ ਹੀ ਹਾਸਲ ਹੋਈ ਹੈ।

ਆਪ ਨੇ ਮੁਢਲੀ ਵਿੱਦਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਹਾਸਲ ਕਰ ਕੇ ਮੈਟ੍ਰਿਕ ਮਹਾਰਾਣੀ ਸਤਿੰਦਰ ਕੌਰ ਮਾਡਰਨ ਹਾਈ ਸਕੂਲ ਬੇਲਾ ਤੋਂ ਪਾਸ ਕੀਤੀ। ਇੱਥੇ ਹੀ ਆਪ ਦਾ ਸੰਪਰਕ ਲੋਕ ਨਾਚਾਂ ਦੇ ਮਾਹਰ ਅਧਿਆਪਕ ਸ. ਸ਼ੇਰ ਸਿੰਘ ਹੀਰਾ ਨਾਲ ਹੋਇਆ। ਇਸ ਤੋਂ ਬਾਅਦ ਐਸ.ਏ.ਐਸ.ਜੇ.ਐਸ.ਮੈਮੋਰੀਅਲ ਕਾਲਜ ਬੇਲਾ ਵਿੱਚ ਬੀ.ਏ. ਕਰਦਿਆਂ ਆਪ ਨੇ ਸ. ਲਾਭ ਸਿੰਘ ਪਪਰਾਲੀ ਤੋਂ ਕਲਾ ਦੇ ਗੁਰ ਸਿੱਖੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਏ. ਐਮ.ਐਡ. ਕਰ ਕੇ ਉਹ ਚਕਵਾਲ ਸਕੂਲ ਕੁਰਾਲੀ ਵਿੱਚ ਅਧਿਆਪਕ ਵਜੋਂ ਨੌਕਰੀ ਕਰਨ ਲੱਗੇ। ਇਸ ਦੌਰਾਨ ਇਨ੍ਹਾਂ ਨੇ ਆਪਣੀ ਕਲਾ ਨੂੰ ਹੋਰ ਨਿਖਾਰਨ ਦੇ ਉਪਰਾਲੇ ਜਾਰੀ ਰੱਖੇ ਅਤੇ ਰੰਗਮੰਚ ਵਿਸ਼ੇ 'ਤੇ ਪੀ.ਐਚ.ਡੀ ਦੀ ਡਿਗਰੀ ਹਾਸਲ ਕਰ ਲਈ। ਇਸ ਦੌਰਾਨ ਉਨ੍ਹਾਂ ਦਾ ਸੰਪਰਕ ਡਾ. ਸੁਰਿੰਦਰ ਸ਼ਰਮਾ, ਡਾ. ਹਰਚਰਨ ਸਿੰਘ, ਭਾਅ ਜੀ ਗੁਰਸ਼ਰਨ ਸਿੰਘ ਅਤੇ ਸ. ਭਾਗ ਸਿੰਘ ਜਿਹੇ ਨਾਟਕ ਕਲਾਕਾਰਾਂ ਨਾਲ ਹੋਇਆ ਜਿਨ੍ਹਾਂ ਤੋਂ ਇਨ੍ਹਾਂ ਨੇ ਨ੍ਰਿਤਨਾਟ, ਲੋਕਨਾਚ, ਅਤੇ ਫਿਲਮੀ ਤਕਨੀਕ ਦੇ ਨੁਕਤੇ ਹਾਸਲ ਕਰ ਕੇ ਚੰਗਾ ਨਾਮ ਖੱਟਿਆ।

ਡਾ.ਨਿੰਦੀ ਅਨੇਕਾਂ ਵਾਰ ਬੈਸਟ ਡਾਂਸਰ, ਬੈਸਟ ਸਿੰਗਰ, ਸੱਭਿਆਚਾਰਕ ਸਰਗਰਮੀਆਂ ਦਾ ਸਕਾਲਰਸ਼ਿਪ, ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਭਾਰਤ ਸਰਕਾਰ ਵਲੋਂ ਆਯੋਜਿਤ ਵਿਸ਼ਵ ਪੱਧਰੀ ਯੂਥ ਫੈਸਟੀਵਲ ਵਿੱਚ ਸਨਮਾਨ ਹਾਸਲ ਕਰ ਚੁੱਕੇ ਹਨ। ਆਪ ਨੇ ਪੰਜਾਬੀ ਲੋਕ ਰੰਗ ਵਿੱਚੋਂ ਭਿੰਨ ਭਿੰਨ ਵਿਸ਼ੇ ਲੈ ਕੇ, ਭੰਗੜਾ ਪਾਓ ਮੁੰਡਿਓ, ਗਿੱਧਾ ਪਾਓ ਕੁੜੀਓ, ਲਰਨ ਭੰਗੜਾ ਇੰਨ ਸੈਵਨ ਡੇਜ਼, ਢੋਲਾ ਵੇ ਢੋਲਾ, ਲੋਹੜੀ ਦੀ ਰਾਤ, ਵਿਰਸਾ ਪੰਜ ਦਰਿਆਵਾਂ ਦਾ, ਚਿੜੀਆਂ ਦਾ ਚੰਬਾ, ਸਪਤ ਸਿੰਧੂ, ਨੱਚੇ ਧਰਤੀ ਅੰਬਰ ਗਾਵੇ, ਲਹੂ ਪੰਜਾਬ ਦਾ, ਗੂੰਜ ਗਦਰ ਦੀ, ਹਥਿਆਰ ਨਹੀਂ ਵਿਚਾਰ, ਹੀਰ ਸਿਆਲਾਂ ਦੀ, ਮਿਰਜੇ ਦੀ ਮੌਤ, ਸੱਸੀ ਪੁੰਨੂੰ, ਸੋਹਣੀ ਮਹੀਵਾਲ, ਵੰਗਾਂ ਦਾ ਚਾਅ, ਦੁੱਲਾ ਭੱਟੀ, ਜੱਗਾ, ਕੀਮਾ ਮਲਕੀ, ਬੇਗੋਨਾਰ ਤੇ

ਇੰਦਰਮੱਲ, ਇਹ ਕੇਹੀ ਰੁੱਤ ਆਈ, ਪੀਂਘ ਦੇ ਹੁਲਾਰੇ, ਵਿਸਾਖੀ, ਆ ਗਈ ਏ ਦੀਵਾਲੀ, ਬਾਲੋ ਮਾਹੀਆ ਅਤੇ ਤੂਤਾਂ ਵਾਲਾ ਖੂਹ ਆਦਿ ਸੰਗੀਤ ਨਾਟਕ, ਓਪੇਰੇ, ਟੈਲੀਫਿਲਮਾਂ ਅਤੇ ਸੀਰੀਅਲ ਲਿਖੇ ਅਤੇ ਖੇਡੇ ਹਨ।

ਡਾ. ਨਰਿੰਦਰ ਨਿੰਦੀ ਦੀ ਪਲੇਠੀ ਪੁਸਤਕ,"ਪੰਜਾਬ ਦੇ ਲੋਕ ਨਾਚਾਂ ਦਾ ਸਰਵੇਖਣ" ਸੰਪਾਦਿਤ ਸ਼੍ਰੀਮਤੀ ਸਿਮਰਤਪਾਲ ਕੌਰ 21 ਅਪ੍ਰੈਲ, 2023 ਨੂੰ ਵਿਸ਼ਵ ਪੁਸਤਕ ਦਿਵਸ 'ਤੇ ਗਿਆਨੀ ਦਲਜੀਤ ਸਿੰਘ ਯਾਦਗਾਰੀ ਪੰਜਾਬ ਆਰਟਸ ਭਵਨ ਜਟਾਣਾ ਅਤੇ ਫਿਰ ਟੈਗੋਰ ਥੀਏਟਰ ਚੰਡੀਗੜ੍ਹ ਵਿੱਚ ਲੋਕ ਅਰਪਣ ਕੀਤੀ ਗਈ ਹੈ। ਇਸ ਤੋਂ ਇਲਾਵਾ ਆਪ ਦੇ ਆਰਟੀਕਲ ਅਤੇ ਖੋਜ ਪੱਤਰ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ। ਡਾ. ਨਿੰਦੀ ਹੁਣ "ਪੰਜਾਬ ਆਰਟਸ ਇੰਟਰਨੈਸ਼ਨਲ (ਰਜਿ.)" ਸੰਸਥਾ ਦੇ ਡਾਇਰੈਕਟਰ ਹਨ। ਆਪ ਜੀ ਦੇ ਪੰਜਾਬ ਅਤੇ ਪੰਜਾਬੀ ਵਿਰਸੇ ਲਈ ਖੋਜਭਰਪੂਰ ਕਾਰਜਾਂ ਪ੍ਰਤਿ ਸਿਰੜ ਅਤੇ ਸਿਦਕ ਨੂੰ ਸੈਣੀ ਭਵਨ ਦੇ ਪ੍ਰਬੰਧਕ ਸਿਜਦਾ ਕਰਦੇ ਹਨ।

## ਹਰਮਿੰਦਰ ਨੂਰਪੁਰੀ



ਸੱਭਿਆਚਾਰਕ ਗੀਤਾਂ ਨੂੰ ਹਮੇਸ਼ਾਂ ਪਹਿਲ ਦੇਣ ਵਾਲੇ ਹਰਮਿੰਦਰ ਸਿੰਘ ਨੂਰਪੁਰੀ ਦਾ ਜਨਮ ਆਨੰਦਪੁਰ ਸਾਹਿਬ ਦੇ ਨਜ਼ਦੀਕ ਠਾਣਾ ਪਿੰਡ ਵਿਖੇ ਸ. ਲਾਲ ਸਿੰਘ ਅਤੇ ਸ਼੍ਰੀਮਤੀ ਤੇਜ ਕੌਰ ਦੇ ਸੈਣੀ (ਸੈਰ) ਪਰਿਵਾਰ ਵਿੱਚ ਹੋਇਆ। ਆਪ ਨੂੰ ਗਾਉਣ ਦਾ ਸੌਕ ਬਚਪਨ ਤੋਂ ਹੀ ਸੀ ਜਿਸ ਕਰ ਕੇ ਉਨ੍ਹਾਂ ਨੇ ਸਕੂਲ ਅਤੇ ਕਾਲਜ ਵਿੱਚ ਪੜ੍ਹਦਿਆਂ ਹੀ ਸੰਗੀਤ ਪ੍ਰੋਗਰਾਮਾ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਆਪ ਦੇ ਨਾਨਾ ਸ. ਦੀਵਾਨ ਸਿੰਘ ਉੱਘੇ ਢਾਡੀ ਸਨ ਜਿਨ੍ਹਾਂ ਤੋਂ ਆਪ ਨੂੰ ਗਾਉਣ ਦੀ ਚੇਟਕ ਲਗ ਗਈ। ਸੰਗੀਤ ਦੀਆਂ ਬਾਰੀਕੀਆਂ ਉਨ੍ਹਾਂ ਨੇ ਸੁਰਜੀਤ ਸਿੰਘ ਸੈਣੀ ਅਤੇ ਸੁੱਚਾ ਸਿੰਘ ਚੌਂਤਾ ਤੋਂ ਸਮਝੀਆਂ।

ਹਰਮਿੰਦਰ ਨੇ ਗਰੈਜੂਏਸ਼ਨ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਪੱਕੇ ਤੌਰ 'ਤੇ ਗਾਇਕੀ ਨੂੰ ਆਪਣਾ ਮਿਸ਼ਨ ਬਣਾ ਲਿਆ। ਆਪ ਦੀ ਪਲੇਠੀ ਐਲਬਮ, 'ਪੁੰਨਿਆਂ ਦੀ ਰਾਤ' ਸੰਨ 2007 ਵਿੱਚ ਰਿਲੀਜ਼ ਹੋਈ। ਇਸ ਦੀ ਪ੍ਰਸਿੱਧੀ ਅਤੇ ਲੋਕ-ਪਸੰਦਗੀ ਤੋਂ ਉਤਸਾਹਿਤ ਹੋ ਕੇ ਦੂਜੀ ਐਲਬਮ, 'ਰੁਮਾਲ' ਸੰਨ 2008 ਵਿੱਚ ਪੇਸ਼ ਕਰ ਦਿੱਤੀ ਗਈ। ਇਸ ਐਲਬਮ ਦਾ ਇੱਕ ਗੀਤ, 'ਹੁਣ ਨਾ ਮਹਿਫ਼ਲ ਜੁੜਦੀ ਮੇਰੇ ਪਿੰਡ ਦੀਆਂ ਸੱਥਾਂ ਦੀ' ਬਹੁਤ ਮਕਬੂਲ ਹੋਇਆ। ਇਨ੍ਹਾਂ ਐਲਬਮਾਂ ਤੋਂ ਇਲਾਵਾ ਹਰਮਿੰਦਰ ਨੇ 'ਤਰੱਕੀਆਂ' ਅਤੇ 'ਅੱਖੀਆਂ 'ਚ ਪਾਣੀ' ਆਦਿ ਕਈ ਸਿੰਗਲ ਟਰੈਕ ਗਾਣੇ ਵੀ ਪੇਸ਼ ਕੀਤੇ। ਹੁਣ ਆਪ ਇੱਕ ਧਾਰਮਿਕ ਗੀਤ, 'ਕਰ ਕਿਰਪਾ' ਨਾਲ ਸਰੋਤਿਆਂ ਦੇ ਸਨਮੁਖ ਹੋਏ ਹਨ। ਇਸ ਗੀਤ ਨੂੰ ਲੋਕ ਭਰਪੂਰ ਪਿਆਰ ਦੇ ਰਹੇ ਹਨ।

ਆਪ ਪੰਜਾਬ ਤੋਂ ਇਲਾਵਾ ਰੂਸ, ਦੁਬਈ, ਸਵੀਡਨ, ਇਟਲੀ ਅਤੇ ਫਿਨਲੈਂਡ ਵਿੱਚ ਆਪਣੇ ਫ਼ਨ ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਟਲੀ ਵਿੱਚ ਬਾਬਾ ਰਾਮ ਚੰਦ ਟਰੱਸਟ ਯੂਰਪ ਵਲੋਂ ਇੱਕ ਸੱਭਿਆਚਾਰਕ ਪ੍ਰੋਗਰਾਮ ਕਰਵਾ ਕੇ ਹਰਮਿੰਦਰ ਨੂਰਪੁਰੀ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਆਪ ਹੁਣ ਜਲਦੀ ਹੀ ਨਵੇਂ ਸਿੰਗਲ ਟਰੈਕ 'ਟਰਾਲੇ' ਨਾਲ ਸਰੋਤਿਆਂ ਦੇ ਸਨਮੁਖ ਹੋਣਗੇ। ਅੱਜ ਜਦੋਂ ਪੰਜਾਬੀ ਗਾਇਕੀ ਨਸ਼ਿਆਂ ਅਤੇ ਹਥਿਆਰਾਂ ਦਾ ਪ੍ਰਚਾਰ ਕਰਦਿਆਂ ਮਾੜੇ ਹਾਲਾਤਾਂ 'ਚੋਂ ਲੰਘ ਰਹੀ ਹੈ ਤਾਂ ਹਰਮਿੰਦਰ ਨੂਰਪੁਰੀ ਨੇ ਹਮੇਸ਼ਾਂ ਸੱਭਿਅਕ ਗੀਤਾਂ ਰਾਹੀਂ ਸਮਾਜ ਨੂੰ ਨਵੀਂ ਸੇਧ ਦੇਣ ਦਾ ਬੀੜਾ ਚੁਕਿਆ ਹੋਇਆ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਦੀ ਅਰਦਾਸ ਹੈ ਕਿ ਆਪ ਇਸੇ ਤਰ੍ਹਾਂ ਹੀ ਮਾਂ ਬੋਲੀ ਪੰਜਾਬੀ ਅਤੇ ਸਮਾਜ ਦੀ ਸੇਵਾ ਕਰਦਿਆਂ ਦਿਨ ਦੂਣੀ ਅਤੇ ਰਾਤ ਚੌਗਣੀ ਤਰੱਕੀ ਕਰਦੇ ਰਹਿਣ। ਸੈਣੀ ਬਰਾਦਰੀ ਨੂੰ ਆਪ 'ਤੇ ਬਹੁਤ ਮਾਣ ਹੈ।

## ਮਨੀ ਲੌਂਗੀਆ



ਮਨੀ ਲੌਂਗੀਆ ਪੰਜਾਬੀ ਗੀਤਾਂ ਦਾ ਪ੍ਰਸਿੱਧ ਲਿਖਾਰੀ, ਕੰਪੋਜ਼ਰ ਅਤੇ ਗਾਇਕ ਹੈ। ਉਸ ਦਾ ਜਨਮ 21 ਜੁਲਾਈ, 1993 ਨੂੰ ਰੂਪਨਗਰ ਕਸਬੇ ਨਜ਼ਦੀਕ ਪਿੰਡ ਗੰਧੋ ਕਲਾਂ ਵਿੱਖੇ ਸੈਣੀ ਪਰਿਵਾਰ ਵਿੱਚ ਹੋਇਆ। ਉਸ ਨੇ ਸਕੂਲੀ ਸਿੱਖਿਆ ਖਾਲਸਾ ਸੀ.ਸੈ.ਸਕੂਲ ਰੂਪਨਗਰ ਤੋਂ ਹਾਸਲ ਕਰ ਕੀਤੀ ਜਿਸ ਦੌਰਾਨ ਉਸ ਨੇ ਆਪਣੀ ਲਿਖਣ ਅਤੇ ਗਾਇਕ ਕਲਾ ਦਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਉਸ ਨੇ ਭਿੰਨ ਭਿੰਨ ਮੁਕਾਬਲਿਆਂ ਵਿੱਚ ਕਈ ਇਨਾਮ ਹਾਸਲ ਕੀਤੇ। ਉਸ ਨੇ ਗ੍ਰੈਜੂਏਸ਼ਨ ਵੀ ਕੀਤੀ ਅਤੇ ਆਪਣੀ ਕਲਾ ਨੂੰ ਨਿਰੰਤਰ ਨਿਖਾਰਦਾ ਰਿਹਾ। ਉਹ ਪਹਿਲਾਂ ਪਹਿਲ ਆਪਣੇ ਲਿਖੇ ਗਾਣੇ ਦੂਜੇ ਗਾਇਕਾ ਨੂੰ ਗਾਉਣ ਲਈ ਦਿੰਦਾ ਸੀ ਪਰ ਆਪਣੇ ਦੋਸਤ ਕਰਨ ਔਜਲਾ ਦੀ ਸਲਾਹ 'ਤੇ ਉਸ ਨੇ ਖੁਦ ਗਾਉਣਾ ਸ਼ੁਰੂ ਕੀਤਾ। ਉਸ ਨੂੰ ਆਪਣੀ ਸਫ਼ਲਤਾ ਲਈ ਬਹੁਤ ਸੰਘਰਸ਼ ਕਰਨਾ ਪਿਆ। ਉਸ ਪਾਸ ਤਾਂ ਆਪਣੇ ਮੋਟਰ ਸਾਈਕਲ ਵਿੱਚ ਤੇਲ ਪੁਆਉਣ ਲਈ ਪੈਸੇ ਵੀ ਨਹੀਂ ਹੁੰਦੇ ਸਨ।

ਮਨੀ ਲੌਂਗੀਆ ਦੇ ਲਿਖੇ ਗਾਣੇ, ਪੰਜਾਬੀ ਦੇ ਪ੍ਰਸਿੱਧ ਗਾਇਕਾਂ- ਐਮੀ ਵਿਰਕ, ਪਰਮੀਸ਼ ਵਰਮਾ, ਜੌਰਡਨ ਸੰਧੂ, ਗਿੱਪੀ ਗਰੇਵਾਲ ਅਤੇ ਰਾਜਵੀਰ ਜਵੰਦਾ ਨੇ ਗਾਏ ਹਨ। ਉਸ ਨੇ ਗਾਇਕ ਜੱਸੀ ਗਿੱਲ ਨਾਲ 'ਡੂ ਨਾਟ ਵਰੀ' ਅਤੇ 'ਸ਼ੀ ਲਵਜ਼ ਯੂ' ਗਾਏ ਹਨ ਅਤੇ ਖੁਦ ਪ੍ਰਸਿੱਧ ਗਾਣੇ, 'ਅਲਰਜੀ', 'ਗੁੱਡ

ਇੰਨ ਬੈਡ' ਅਤੇ 'ਡੱਟ ਖੁਲ੍ਹ ਗੇ' ਗਾਏ ਹਨ ਜੋ ਸਰੋਤਿਆਂ ਨੇ ਬੇਹੱਦ ਪਸੰਦ ਕੀਤੇ। ਉਸ ਦੀ ਸ਼ਾਦੀ ਹੋ ਚੁੱਕੀ ਹੈ ਅਤੇ ਬੇਟੀ ਬਰਕਤ ਕੌਰ ਹੈ। ਉਹ ਇਸ ਸਮੇਂ ਮੋਹਾਲੀ ਵਿੱਚ ਰਹਿੰਦਾ ਹੈ। ਸਾਰੀ ਸੈਣੀ ਬਰਾਦਰੀ ਨੂੰ ਮਨੀ ਲੌਂਗੀਆ 'ਤੇ ਅੰਤਾਂ ਦਾ ਮਾਣ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਦੀ ਸਫ਼ਲਤਾ ਦੀ ਅਰਦਾਸ ਕਰਦੇ ਹਨ।

## ਸੂਫ਼ੀ ਗਾਇਕ ਕੁਲਬੀਰ ਸੈਣੀ

ਕੁਲਬੀਰ ਸੈਣੀ ਪ੍ਰਸਿੱਧ ਸੂਫ਼ੀ ਅਤੇ ਕ੍ਰਿਸ਼ਨ ਭਜਨ ਗਾਇਕ ਹੈ। ਉਹ ਸਾਫ਼ਸੁਥਰੇ ਸੱਭਿਆਚਾਰਕ ਗੀਤਾਂ ਦੇ ਲਿਖਾਰੀ ਵਜੋਂ ਜਾਣਿਆਂ ਜਾਂਦਾ ਹੈ। ਉਸ ਦੇ ਗਾਣੇ ਪਰਿਵਾਰ ਵਿੱਚ ਬੈਠ ਕੇ ਸੁਣੇ ਜਾਣ ਵਾਲੇ ਹਨ। ਉਸ ਦਾ ਜਨਮ ਹਰਿਆਣਾ ਰਾਜ ਦੇ ਜ਼ਿਲ੍ਹਾ ਯਮੁਨਾਨਗਰ ਦੇ ਪਿੰਡ ਕਾਬੁਲਪੁਰ ਵਿਖੇ ਸ. ਕਰਤਾਰ ਸਿੰਘ ਅਤੇ ਸ਼੍ਰੀਮਤੀ ਤੇਜ ਕੌਰ ਦੇ ਘਰ ਹੋਇਆ। ਇਸ ਪਰਿਵਾਰ ਦਾ ਪਿਛੋਕੜ ਰੂਪਨਗਰ ਸ਼ਹਿਰ ਦੇ ਕੋਲ ਪਿੰਡ ਨਾਨਕਪੁਰਾ ਦਾ ਹੈ। ਉਸ ਨੇ ਸਕੂਲੀ ਸਿੱਖਿਆ ਸ. ਹਾ.ਸਕੂਲ ਮੁਸਤਫ਼ਾਬਾਦ ਤੋਂ ਬੀ. ਕੌਮ ਵਿੱਚ ਡਿਗਰੀ ਗੁਰੂ ਨਾਨਕ ਖਾਲਸਾ ਕਾਲਜ ਯਮੁਨਾਨਗਰ ਤੋਂ ਹਾਸਲ ਕੀਤੀ ਅਤੇ ਇਸ ਉਪਰੰਤ ਪੰਜਾਬ ਸਿਵਲ ਸਪਲਾਈ ਵਿਭਾਗ ਵਿੱਚ ਨੌਕਰੀ ਪ੍ਰਾਪਤ ਕੀਤੀ।



ਗੀਤ ਲਿਖਣ ਤੇ ਗਾਉਣ ਦਾ ਸ਼ੌਕ ਸਕੂਲੀ ਪੱਧਰ ਤੋਂ ਹੀ ਸੀ ਜਿਸ ਨੂੰ ਉਸ ਨੇ ਚੰਡੀਗੜ੍ਹ ਆ ਕੇ ਪ੍ਰਵਾਨ ਚਾੜ੍ਹਿਆ। ਉਹ ਆਪਣੇ ਲਿਖੇ ਗੀਤ ਹੀ ਗਾਉਂਦਾ ਹੈ ਪਰ ਕੁੱਝ ਸ਼ਮਸ਼ੇਰ ਸੰਧੂ ਅਤੇ ਜਸਵੀਰ ਗੁਣਾਚੌਰੀਆ ਦੇ ਲਿਖੇ ਵੀ ਰਿਕਾਰਡ ਕਰਵਾਏ ਹਨ। ਉਸ ਦੇ ਗਾਣਿਆਂ ਦੀਆਂ 10 ਐਲਬਮਾਂ ਮਾਰਕੀਟ ਵਿੱਚ ਆਈਆਂ ਹਨ ਜਿਨ੍ਹਾਂ ਨੂੰ ਸਰੋਤਿਆਂ ਨੇ ਖ਼ੂਬ ਸਲਾਹਿਆ ਹੈ। ਕੁਲਬੀਰ ਸੈਣੀ ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਦਾ ਪ੍ਰਵਾਨਿਤ ਗਾਇਕ ਹੈ। ਉਸ ਨੇ ਜਲੰਧਰ ਦੂਰਦਰਸ਼ਨ, ਪੀ.ਟੀ.ਸੀ ਅਤੇ ਜ਼ੀ ਪੰਜਾਬੀ 'ਤੇ ਵੀ ਗਾਣੇ ਰਿਕਾਰਡ ਕਰਵਾਏ ਹਨ। ਸਾਲ 2020 ਵਿੱਚ ਸਰਕਾਰੀ ਸੇਵਾ ਤੋਂ ਰਿਟਾਇਰ ਹੋਣ ਉਪਰੰਤ ਉਹ ਗਾਇਕੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ ਹੈ। ' ਕੁਲਬੀਰ ਸੈਣੀ ਸੰਗੀਤ' ਨਾਮ ਹੇਠ ਉਸ ਦੇ ਗਾਣੇ ਯੂ.ਟਿਊਬ ਅਤੇ ਫੇਸਬੁੱਕ 'ਤੇ ਸੁਣੇ ਜਾ ਸਕਦੇ ਹਨ।

ਕੁਲਬੀਰ ਸੈਣੀ ਦਾ ਵਿਆਹ ਸ਼੍ਰੀਮਤੀ ਸੁਮਨਜੀਤ ਕੌਰ ਨਾਲ ਹੋਇਆ ਜੋ ਸਰਕਾਰੀ ਅਧਿਆਪਕਾ ਹੈ ਅਤੇ ਉਸ ਦੇ ਇੱਕ ਬੇਟੀ ਰਮਣੀਕ ਸੈਣੀ ਅਤੇ ਬੇਟਾ ਹਰਨੂਰ ਸੈਣੀ ਹੈ। ਉਹ ਇਸ ਸਮੇਂ ਮੋਹਾਲੀ ਸ਼ਹਿਰ ਦਾ ਵਸਨੀਕ ਹੈ।

## ਡਾ.ਜਸਪਾਲ ਜੱਸੀ



ਗਿਆਨੀ ਸਰਵਣ ਸਿੰਘ ਅਤੇ ਮਾਤਾ ਲਾਭ ਕੌਰ ਦੇ ਸੈਣੀ ਪਰਿਵਾਰ ਵਿੱਚ ਖਰੜ ਪਾਸ ਪਿੰਡ ਬਡਾਲਾ ਵਿਖੇ ਜਨਮੇ ਜਸਪਾਲ ਜੱਸੀ ਨੂੰ ਗਾਇਕੀ ਦੀ ਗੁੜ੍ਹਤੀ ਆਪਣੇ ਪਿਤਾ ਜੀ ਤੋਂ ਹੀ ਮਿਲੀ ਹੈ। ਉਸ ਨੇ ਮੁਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ ਕੇ ਉੱਚ-ਵਿੱਦਿਆ ਐਸ.ਡੀ ਕਾਲਜ ਤੇ ਸਰਕਾਰੀ ਕਾਲਜ ਚੰਡੀਗੜ੍ਹ ਤੋਂ ਹਾਸਲ ਕੀਤੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਏ ਪੰਜਾਬੀ ਅਤੇ ਐਮ.ਫਿਲ ਕਰ ਕੇ 'ਪੰਜਾਬੀ ਪੱਤਰਕਾਰੀ ਅਤੇ ਗਾਇਕੀ' ਵਿੱਚ ਪੀ.ਐਚ.ਡੀ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਉਹ ਯੂਨੀਵਰਸਿਟੀ ਦਾ ਵਧੀਆ ਗਾਇਕ ਵੀ ਐਲਾਨਿਆਂ ਗਿਆ। ਇਸ ਤੋਂ ਬਾਅਦ ਉਹ ਪੜ੍ਹਾਈ ਦੇ ਨਾਲ ਨਾਲ ਪਿੰਡਾਂ ਤੇ ਸ਼ਹਿਰਾਂ ਵਿੱਚ ਲੱਗਣ ਵਾਲੇ ਸੱਭਿਆਚਾਰਕ ਮੇਲਿਆਂ ਵਿੱਚ ਗਾਉਣ ਲਗ ਪਿਆ। ਉਹ ਹਮੇਸ਼ਾਂ ਚੰਗੇ ਗੀਤ ਗਾਉਣ ਨੂੰ ਤਰਜੀਹ ਦਿੰਦਾ ਹੈ। ਜੱਸੀ ਚੰਗਾ ਗਾਇਕ ਹੋਣ ਦੇ ਨਾਲ ਵਧੀਆ ਲਿਖਾਰੀ ਵੀ ਹੈ।

ਜੱਸੀ ਦੇ 'ਐਤਵਾਰ ਦੀ ਛੁੱਟੀ', ਕੋਕੇ ਵਾਲੀਏ ਅੱਲ੍ਹੜ ਮੁਟਿਆਰੇ', 'ਮਾਝੇ ਦੀ ਜੱਟੀ', 'ਮੁਲਾਕਾਤ', 'ਝੋਨੇ ਦੀ ਟਰਾਲੀ', 'ਕਮਲਾ', 'ਕੀ ਕਰੀਏ', 'ਇੱਕ ਪੈਗ ਹੋਰ', 'ਮਿਰਜਾ','ਰੱਬ ਵਰਗੀਆਂ ਮਾਵਾਂ', 'ਹੀਰ', 'ਇਕੋ ਜਿਹੇ ਹੋਣ ਜਦੋਂ ਯਾਰ ਨੱਚਦੇ, ਤੇ 'ਢਾਈ ਦਿਨ ਸਾਂਭ ਸੋਹਣਿਆਂ' ਜਿਹੇ ਸੁਪਰ ਹਿੱਟ ਗਾਣੇ ਮਾਰਕੀਟ ਵਿੱਚ ਧੁੰਮਾਂ ਪਾ ਚੁੱਕੇ ਹਨ। ਪੰਜਾਬੀ ਬੋਲੀ ਦੇ ਇੱਸ ਸੱਚੇ ਸੁੱਚੇ ਸਪੂਤ ਨੇ ਅਸਟਰੇਲੀਆ ਅਤੇ ਨਿਊਜ਼ੀਲੈਂਡ ਜਿਹੇ ਦੇਸ਼ਾਂ ਵਿੱਚ ਖ਼ੂਬ ਧਾਂਕ ਜਮਾਈ ਹੈ। ਜੱਸੀ ਨੂੰ ਕਲਾ ਦਰਪਣ ਲੁਧਿਆਣਾ ਵਲੋਂ ਸੋਨੇ ਤੇ ਤਮਗੇ ਨਾਲ ਸਨਮਾਨਿਆਂ ਹੈ। ਹੋਰ ਅਨੇਕਾਂ ਹੀ ਧਾਰਮਿਕ, ਸਾਹਿਤਿਕ ਅਤੇ ਸਮਾਜਿਕ ਸੰਸਥਾਵਾਂ ਵਲੋਂ ਵੀ ਉਸ ਨੂੰ ਸਨਮਾਨ ਮਿਲ ਚੁੱਕੇ ਹਨ। ਗਾਇਕੀ ਦੇ ਨਾਲ ਨਾਲ ਇਹ ਸਦਾ ਬਹਾਰ ਗਾਇਕ ਇਸ ਸਮੇਂ ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਬਤੌਰ ਐਸੋਸੀਏਟ ਪ੍ਰੋਫੈਸਰ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਇਸ ਤੋਂ ਪਹਿਲਾਂ ਉਹ ਖਾਲਸਾ ਕਾਲਜ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੀ ਕੁੱਝ ਸਾਲ ਪੜ੍ਹਾ ਚੁੱਕੇ ਹਨ।

ਸੈਣੀ ਬਰਾਦਰੀ ਨੂੰ ਆਪਣੇ ਇਸ ਹੋਣਹਾਰ ਕਲਾਕਾਰ 'ਤੇ ਬਹੁਤ ਮਾਣ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਦੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਡਾ. ਜੱਸੀ ਆਪਣੀ ਸੁਰੀਲੀ ਆਵਾਜ਼ ਨਾਲ ਸਰੋਤਿਆਂ ਦੀਆਂ ਰੂਹਾਂ ਨੂੰ ਸਰਸ਼ਾਰ ਕਰਦਾ ਰਹੇ।

## ਹਰਪਾਲ ਲਾਡਾ



ਪ੍ਰਸਿੱਧ ਗਾਇਕ ਅਤੇ ਲਿਖਾਰੀ ਹਰਪਾਲ ਲਾਡਾ ਦਾ ਅਸਲ ਨਾਂ ਹਰਪਾਲ ਸਿੰਘ ਸੈਣੀ ਹੈ ਜੋ ਹੁਸ਼ਿਆਰਪੁਰ ਦੇ ਇੱਕ ਨਿਮਨਵਰਗੀ ਕਿਸਾਨੀ ਪਰਿਵਾਰ ਵਿੱਚ ਸ. ਮੰਗਤ ਸਿੰਘ ਅਤੇ ਮਾਤਾ ਸ਼੍ਰੀਮਤੀ ਹਰਜਿੰਦਰ ਕੌਰ ਦੇ ਘਰ ਪੈਦਾ ਹੋਇਆ। ਉਸ ਨੇ ਆਪਣੀ ਮੁਢਲੀ ਸਿੱਖਿਆ ਸਰਕਾਰੀ ਹਾਈ ਸਕੂਲ ਕਮਾਲਪੁਰ(ਹੁਸ਼ਿਆਰਪੁਰ) ਤੋਂ ਅਤੇ ਸੰਗੀਤ( ਵੋਕਲ) ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਹਾਸਲ ਕੀਤੀ । ਆਪਣੀ ਸਕੂਲੀ ਪੜ੍ਹਾਈ ਦੌਰਾਨ ਹੀ ਲਾਡਾ ਨੇ ਆਪਣੇ ਅਧਿਆਪਕਾਂ ਅਤੇ ਸਾਥੀਆਂ ਦੀ ਪਸੰਦ ਅਤੇ ਪ੍ਰੇਰਨਾ ਸਦਕਾ ਗੀਤ ਲਿਖਣੇ ਅਤੇ ਗਾਉਣੇ ਸ਼ੁਰੂ ਕਰ ਦਿੱਤੇ।

ਉਸ ਨੇ ਪ੍ਰਸਿੱਧਤਾ 2011 ਵਿੱਚ ਐਲਬਮ, 'ਫੈਸਲਾ ਆਨ ਦ ਸਪਾਟ' ਨਾਲ ਹਾਸਲ ਕੀਤੀ ਜਿਸ ਦਾ ਗਾਣਾ, 'ਸੈਣੀਆਂ ਦੇ ਕਾਕੇ' ਹਰਮਨਪਿਆਰਾ ਹੋ ਗਿਆ। ਇਸ ਨੇ ਉਸ ਦੀ ਸੈਣੀ ਬਰਾਦਰੀ ਨੂੰ ਆਪਣੀ ਮਹਾਨਤਾ ਦਾ ਅਹਿਸਾਸ ਕਰਵਾਇਆ। ਉਸ ਤੋਂ ਬਾਅਦ 2012 ਵਿੱਚ ਸਿੰਗਲ ਟਰੈਕ 'ਫੇਸਬੁੱਕ ਤੇ ਹੋਣਗੀਆਂ ਹੁਣ ਗੱਲਾਂ ਪਿਆਰ ਦੀਆਂ' ਨਵੇਂ ਸਾਲ ਦੇ ਪ੍ਰੋਗਰਾਮ ਵਿੱਚ ਪੇਸ਼ ਹੋਇਆ ਜਿਸ ਨੂੰ ਸਰੋਤਿਆਂ ਨੇ ਪਸੰਦ ਕੀਤਾ। ਸੰਨ 2013 ਵਿੱਚ ਉਸ ਦਾ ਦੂਜਾ ਟਰੈਕ, 'ਰਿੰਗ ਆਫ਼ ਹਰਟ' ਦੂਰਦਰਸ਼ਨ ਕੇਂਦਰ ਜਲੰਧਰ 'ਤੇ ਪੇਸ਼ ਹੋਇਆ। ਸੰਨ 2015 ਵਿੱਚ ਉਸ ਦਾ ਗਾਣਾ, 'ਭਗਤ ਸਿੰਘ, ਦ ਰੀਅਲ ਹੀਰੋ' ਅਤੇ ਹੁਣ ' ਸਰਦਾਰ ਜੀ ਆਨ ਬੁਲਟ' ਰਿਲੀਜ਼ ਹੋਏ ਹਨ ਜਿਨ੍ਹਾਂ ਨੂੰ ਨੌਜਵਾਨਾਂ ਨੇ ਬਹੁਤ ਪਸੰਦ ਕੀਤਾ ਹੈ। ਸੰਨ 2016 ਵਿੱਚ ਉਸ ਦੇ ਗਾਣੇ, 'ਡੀਜੇ ਉੱਤੇ ਜੋੜੀ' ਸੰਗੀਤ ਜਗਤ ਵਿੱਚ ਹਿੱਟ ਹੋਇਆ ਅਤੇ 2017 ਵਿੱਚ ਨੋਟਬੰਦੀ ਬਾਰੇ ਗਾਣਾ, 'ਇੱਕ ਦਿਲ' ਆਇਆ। ਇਸ ਸਾਲ ਹੀ ਇੱਕ ਬੱਚੀ ਦੀ ਦਰਦ ਕਹਾਣੀ ਬਿਆਨ ਕਰਦਾ ਉਸ ਦਾ ਗਾਣਾ, 'ਫਰਿਆਦ' ਆਇਆ। ਸੰਨ 2020 ਵਿੱਚ ਤਿੰਨ ਦੇਸ਼ ਭਗਤ ਸ਼ਹੀਦਾਂ- ਸ. ਭਗਤ ਸਿੰਘ, ਸ. ਊਧਮ ਸਿੰਘ ਅਤੇ ਸ. ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਗਾਣਾ, ' ਦ ਰੀਅਲ ਹੀਰੋਜ਼' ਜਿਸ ਦੇ ਦੇਸ਼ ਦੇ ਵਰਤਮਾਨ ਹਾਲਾਤਾਂ ਨੂੰ ਵੀ ਉਜਾਗਰ ਕੀਤਾ। ਕਿਸਾਨੀ ਅੰਦੋਲਨ ਦੌਰਾਨ ਉਸ ਦੇ ਗਾਣੇ, ' ਸੈਂਟਰ ਦੇਣਾ ਠੋਕ' ਆਮ ਲੋਕਾਂ ਦੀ ਜੁਬਾਨ 'ਤੇ ਚੜ੍ਹਿਆ ਰਿਹਾ। ਹਰਪਾਲ ਲਾਡਾ ਅਸ਼ਲੀਲ ਅਤੇ ਨਸ਼ਿਆਂ ਦਾ ਪ੍ਰਚਾਰ ਕਰਨ ਵਾਲੇ ਗਾਣੇ ਗਾਉਣ ਨੂੰ ਪਸੰਦ ਨਹੀਂ ਕਰਦਾ। ਉਸ ਦੇ ਸਮਾਜ ਸੁਧਾਰਕ ਅਤੇ ਸੱਭਿਆਚਾਰਕ ਗਾਣਿਆਂ ਨੂੰ ਪਰਿਵਾਰ ਵਿੱਚ ਬੈਠ ਕੇ ਸੁਣਿਆਂ ਜਾ ਸਕਦਾ ਹੈ।

❊ ❊ ❊ ❊ ❊

## ਸੈਣੀ ਭਵਨ ਰੂਪਨਗਰ ਦੇ ਸਮਾਜ ਸੇਵੀ ਕਾਰਜਾਂ ਦਾ ਸਨਮਾਨ



ਚੰਡੀਗੜ੍ਹ ਦੇ 'ਰੋਟਰੀ ਐਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ, ਨੇ ਮਿਤੀ 11 ਫਰਵਰੀ, 2024 ਨੂੰ ਪੰਜਾਬ ਦੀ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟਰੇਸ਼ਨ- ਸੈਕਟਰ 26 ਵਿਖੇ ਇਕ ਰਾਜ ਪੱਧਰੀ ਸਾਲਾਨਾ ਇਨਾਮ ਵੰਡ ਸਮਾਰੋਹ ਦੌਰਾਨ ' ਸਟਾਰ ਡੋਨਰ' ਵਜੋਂ ਸਨਮਾਨਿਤ ਕੀਤਾ ਹੈ। ਇਸ ਪ੍ਰੋਗਰਾਮ ਦੇ ਮੁਖ ਮਹਿਮਾਨ ਪੰਜਾਬੀ ਫਿਲ਼ਮਾਂ ਦੀ ਪ੍ਰਸਿੱਧ ਅਦਾਕਾਰਾ ਰਾਜ ਧਾਲੀਵਾਲ ਸਨ। ਇਹ ਸਨਮਾਨ ਸੰਸਥਾ ਦੇ ਰਜਿੰਦਰ ਸੈਣੀ, ਦਲਜੀਤ ਸਿੰਘ ਅਤੇ ਜਗਦੇਵ ਸਿੰਘ ਨੇ ਹਾਸਲ ਕੀਤਾ। ਜ਼ਿਕਰਯੋਗ ਹੈ ਸਮਾਜਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ, ਸੈਣੀ ਭਵਨ ਰੂਪਨਗਰ ਵਲੋਂ ਹਰ ਸਾਲ ਦੋ ਵਾਰ ਮਹੀਨਾ ਜਨਵਰੀ ਅਤੇ ਜੁਲਾਈ ਵਿੱਚ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ ਜਿਨ੍ਹਾਂ ਵਿੱਚ ਚੰਡੀਗੜ੍ਹ ਦੀ ਇਹ ਸੰਸਥਾ ਖ਼ੂਨ ਇੱਕਠਾ ਕਰਦੀ ਹੈ। ਇਸ ਸਮਾਜਸੇਵੀ ਕਾਰਜ ਵਿੱਚ ਪੁਲਿਸ ਸਾਂਝ ਕੇਂਦਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਅਤੇ ਰਜਨੀ ਹਰਬਲਜ਼ ਮਲਕਪੁਰ ਵਿਤੀ ਸਹਿਯੋਗ ਕਰਦੇ ਹਨ। ਸਾਲ 2023 ਵਿੱਚ ਇਨ੍ਹਾਂ ਕੈਂਪਾ ਦੌਰਾਨ 109 ਯੂਨਿਟ ਖ਼ੂਨ ਇੱਕਤਰ ਕੀਤਾ ਗਿਆ ਸੀ ।

❊ ❊ ❊ ❊ ❊

## ਮੈਗਜ਼ੀਨ ਸੈਣੀ ਸੰਸਾਰ ਦੇ 51ਵੇਂ ਅੰਕ ਵਿੱਚ ਪ੍ਰਕਾਸ਼ਿਤ ਪ੍ਰਸ਼ਨੋਤਰੀ-8 ਦੇ ਜੇਤੂ

1. ਸ਼੍ਰੀਮਤੀ ਗੁਰਵਿੰਦਰ ਕੌਰ ਪਤਨੀ ਸ. ਅਮਰੀਕ ਸਿੰਘ # ਸ਼ੇਖਾਂ ਮੁਹੱਲਾ ਰੂਪਨਗਰ
2. ਸ਼. ਨਿਰਮੋਲਕ ਸਿੰਘ # 1461 ਫੇਜ਼ 3ਬੀ2 ਮੋਹਾਲੀ
3. ਸ਼੍ਰੀਮਤੀ ਗੁਰਲੀਨ ਕੌਰ ਪੁਤਰੀ ਸ. ਸੁਖਵਿੰਦਰ ਸਿੰਘ # ਸ਼ੇਖਾਂ ਮੁਹੱਲਾ ਰੂਪਨਗਰ

## ਪ੍ਰਸ਼ਨੋਤਰੀ-8 ਦੇ ਉੱਤਰ

1.(ਸ), 2.(ੳ), 3.(ੲ), 4.(ਸ), 5.(ਅ), 6.(ੳ), 7.(ੲ), 8.(ਅ), 9.(ੲ), 10.(ਸ), 11.(ਅ), 12.(ੲ), 13.(ਸ), 14.(ੳ) 15.(ਅ), 16.(ੳ), 17.(ੲ), 18.(ੲ), 19.(ਸ), 20.(ੲ)

# ਕੇਸਾਂ ਅਤੇ ਦਸਤਾਰ ਦੀ ਮਹੱਤਤਾ

**ਇੰਜ (ਰਿਟਾ.) ਜਸਵੰਤ ਸਿੰਘ**
ਜਲੰਧਰ



ਪਰਮਾਤਮਾ ਨੇ ਮਨੁੱਖੀ ਬਣਤਰ ਐਸੀ ਬਣਾਈ ਹੈ ਕਿ ਇਸ ਦਾ ਹਰ ਅੰਗ ਸਰੀਰ ਰੂਪੀ ਗੱਡੀ ਦੇ ਸੂਚਾਰੂ ਢੰਗ ਨਾਲ ਚੱਲਣ ਲਈ ਆਪਸੀ ਤਾਲਮੇਲ ਨਾਲ ਕੰਮ ਕਰਦਾ ਹੈ। ਸਰੀਰ ਦੇ ਸਾਰੇ ਅੰਗਾਂ ਦੀ ਤਰ੍ਹਾਂ ਕੇਸ (ਵਾਲ) ਪਰਮਾਤਮਾ ਦੀ ਬਖਸ਼ੀ ਇੱਕ ਖ਼ਾਸ ਦੇਣ ਹੈ ਜੋ ਮਨੁੱਖ ਜਨਮ ਵੇਲੇ ਨਾਲ ਹੀ ਲੈ ਕੇ ਆਉਂਦਾ ਹੈ ਅਤੇ ਇਹ ਸਰੀਰ ਦਾ ਅਨਿੱਖੜਵਾਂ ਅੰਗ ਹੈ। ਅਗਿਆਨਤਾ ਦੇ ਕਾਰਨ ਇਨਸਾਨ ਨੇ ਕੇਸਾਂ ਦੀ ਮਹੱਤਤਾ ਨੂੰ ਅਧਿਆਤਮਿਕ, ਸੱਭਿਆਚਾਰਕ, ਧਾਰਮਿਕ ਅਤੇ ਵਿਸ਼ੇਸ਼ ਕਰ ਕੇ ਵਿਗਿਆਨਕ ਪੱਖ ਤੋਂ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਅੱਜ ਦਾ ਯੁੱਗ ਵਿਗਿਆਨਕ ਹੈ, ਜਿਸ ਲਈ ਕੇਸਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਸਮਝਣਾ ਹੋਰ ਵੀ ਜ਼ਰੂਰੀ ਹੈ। ਸਾਇੰਸ ਨੇ ਅੱਜ ਇਹ ਸਿੱਧ ਕਰ ਦਿੱਤਾ ਹੈ ਕਿ ਕੇਸ ਮਾਨਵ ਸਰੀਰ ਦਾ ਇੱਕ ਜਿਉਂਦਾ ਜਾਗਦਾ ਸ਼ਕਤੀਸ਼ਾਲੀ ਅੰਗ ਹੈ ਜਿਸ ਵਿੱਚ 28% ਆਕਸੀਜਨ, 50% ਕਾਰਬਨ, 6% ਹਾਈਡਰੋਜਨ, 11% ਨਾਈਟਰੋਜਨ, 5% ਗੰਧਕ ਅਤੇ ਕੁੱਝ ਕੈਲਸ਼ੀਅਮ ਹੈ।

ਡਾਕਟਰੀ ਵਿਗਿਆਨਕ ਖੋਜਾਂ ਅਨੁਸਾਰ ਕੇਸ ਇੱਕ ਮਜ਼ਬੂਤ ਵਸਤੂ ਹੈ। ਕਈ ਸਾਲ ਪੁਰਾਣੀਆਂ ਕਬਰਾਂ ਖੋਦ ਕੇ ਵੇਖਿਆ ਗਿਆ ਹੈ ਮੁਰਦਾ ਸਰੀਰ ਦਾ ਕੋਈ ਵੀ ਸਰੀਰਕ ਅੰਗ ਸਾਬਤ ਨਹੀਂ ਮਿਲਿਆ ਪਰ ਕੇਸ ਮਿਲੇ, ਜਿਸ ਤੋਂ ਕੇਸਾਂ ਦੀ ਮਜ਼ਬੂਤੀ ਦਾ ਪ੍ਰਮਾਣ ਮਿਲਦਾ ਹੈ। ਕੇਸ ਸਰੀਰ ਦਾ ਐਸਾ ਅੰਗ ਹੈ ਜੋ ਸਰੀਰ ਵਿੱਚ ਵਿਟਾਮਿਨ ਡੀ ਪੈਦਾ ਕਰਦਾ ਹੈ। ਇਹ ਵਿਟਾਮਿਨ ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ ਲਈ ਜ਼ਰੂਰੀ ਹੈ। ਕੇਸਾਂ ਉਤੇ ਕੀਤੀ ਵਿਗਿਆਨਕ ਖੋਜਾਂ ਇਹ ਵੀ ਸਿੱਧ ਕਰਦੀ ਹੈ ਕਿ ਕੇਸ ਸਰੀਰ ਨੂੰ ਸਰਦੀ ਤੇ ਗਰਮੀ ਤੋਂ ਬਚਾਉਣ ਲਈ ਸਹਾਇਤਾ ਕਰਦੇ ਹਨ। ਇਹ ਗਰਮੀ ਦੇ ਵਧੀਆ ਚਾਲਕ ਹਨ। ਕੇਸਾਂ ਦੀ ਐਸੀ ਕਿਰਿਆ ਹੈ ਕਿ ਜਿਸ ਦੇ ਫਲਸਰੂਪ ਇਨਸਾਨ ਦੇ ਸਰੀਰ ਲਈ ਲੋੜੀਦੀਆਂ ਧਾਤਾਂ ਜਿਵੇਂ ਜਿਸਤ, ਕਰੋਮੀਅਮ, ਸਿੱਕਾ ਆਦਿ ਦਾ ਭੰਡਾਰ ਕਾਇਮ ਰਹਿੰਦਾ ਹੈ ਜੋ ਕਈ ਪ੍ਰਕਾਰ ਦੀਆਂ ਬੀਮਾਰੀਆਂ ਦੀ ਰੋਕਥਾਮ ਲਈ ਜ਼ਰੂਰੀ ਹਨ। ਕੇਸਾਂ ਦੇ ਵਾਰ ਵਾਰ ਕੱਟਣ ਅਤੇ ਦੁਬਾਰਾ ਵਧਣ ਦੀ ਕਿਰਿਆ ਸਦਕਾ ਇੱਕ ਤਾਂ ਸਾਡੀ ਸਰੀਰਿਕ ਸ਼ਕਤੀ ਖਰਚ ਹੁੰਦੀ ਹੈ ਦੂਜੇ ਸਾਬਤ ਸੂਰਤ ਨਾ ਹੋਣ ਕਰ ਕੇ ਅਸੀਂ ਕੇਸਾਂ ਤੋਂ ਮਿਲਦੀ ਸਰੀਰਿਕ ਖੁਰਾਕ ਤੋਂ ਵੀ ਵਾਂਝੇ ਰਹਿ ਜਾਂਦੇ ਹਾਂ, ਜਿਸ ਨਾਲ ਸਾਡਾ ਦੁੱਗਣਾ ਨੁਕਸਾਨ ਹੁੰਦਾ ਹੈ।

ਕੇਸਾਂ ਨੂੰ ਅਧਿਆਤਮਕ ਪੱਖ ਤੋਂ ਦੇਖਿਆ ਜਾਵੇ ਤਾਂ ਸੰਸਾਰ ਦੇ ਲਗਭਗ ਸਾਰੇ ਧਾਰਮਿਕ ਆਗੂ ਕੇਸਾਧਾਰੀ ਹੋਏ ਹਨ, ਜਿਵੇਂਕਿ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਰਾਮ ਚੰਦਰ, ਕ੍ਰਿਸ਼ਨ, ਵਿਸ਼ਵਕਰਮਾ, ਹਜ਼ਰਤ ਮੁਹੰਮਦ, ਹਜ਼ਰਤ ਈਸਾ ਤੋਂ ਇਲਾਵਾ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਆਦਿ। ਕੁੱਝ ਲੋਕਾਂ ਦਾ ਵਿਚਾਰ ਹੈ ਕਿ ਸਿੱਖ ਧਰਮ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਅੰਮ੍ਰਿਤਪਾਨ ਕਰਾਉਣ ਵੇਲੇ ਕੇਸ ਰੱਖਣ ਦੀ ਮਰਯਾਦਾ ਤੋਰੀ। ਪਰ ਇਹ ਸੱਚ ਨਹੀਂ। ਸਾਰੇ ਗੁਰੂ ਸਾਹਿਬਾਨ ਕੇਸਾਧਾਰੀ ਹੋਏ ਤੇ ਉਨ੍ਹਾਂ ਨੇ ਸਾਰੀ ਮਾਨਵਤਾ ਨੂੰ ਕੇਸਾਧਾਰੀ ਹੋਣ ਲਈ ਪ੍ਰੇਰਿਤ ਕੀਤਾ। ਗੁਰਬਾਣੀ ਪੜ੍ਹਿਆਂ ਇਹ ਤੱਥ ਵੀ ਉਜਾਗਰ ਹੁੰਦਾ ਹੈਕਿ ਗੁਰੂ ਸਾਹਿਬਾਨ ਨੇ ਰੱਬ ਨੂੰ ਲੰਮੜੇ ਵਾਲਾ, ਕੇਸ਼ਵ (ਕੇਸਾਂ ਵਾਲਾ) ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਸਮਾਜਿਕ ਅਖਾਣ ਵੀ ਪ੍ਰਚੱਲਤ ਹੈ " ਸਾਬਤ ਸੂਰਤ- ਰੱਬ ਦੀ ਮੂਰਤ"। ਗੁਰਬਾਣੀ ਵਿੱਚ ਕੇਸਾਂ ਬਾਰੇ ਗੁਰੂ ਸਾਹਿਬਾਨ ਦੇ ਅਨੇਕਾਂ ਵਚਨ ਮਿਲਦੇ ਹਨ ਜਿਵੇਂ ਕਿ–

ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ। ।
ਤੇਰੇ ਬੰਕੇ ਲੋਇਣ ਦੰਤ ਰੀਸਾਲਾ। ।
ਸੋਹਣੇ ਨਕ ਜਿਨ ਲੰਮੜੇ ਵਾਲਾ। । (ਪੰਨਾ 567)
ਕੇਸਾ ਕਾ ਕਰਿ ਬੀਜਨਾ ਸੰਤ ਚੁਉਰੁ ਢੁਲਾਵਉ। । (ਪੰਨਾ 745)

ਕੇਸ ਕਿਸੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਹਲਕਾ ਨਹੀਂ ਕਰਦੇ ਸਗੋਂ ਕੇਸ ਤਾਂ ਮਨੁੱਖੀ ਜੀਵਨ ਦੀਆਂ ਅਨੇਕਾਂ ਲੋੜਾਂ ਪੂਰੀਆਂ ਕਰਨ ਲਈ ਇੱਕ ਅਨਮੋਲ ਕੁਦਰਤੀ ਸਾਧਨ ਹੈ। ਕੇਸਾਂ ਦੀ ਸੁਭਾਵਕ ਅਤੇ ਸੁਤੰਤਰ ਹੋਂਦ ਇਨਸਾਨ ਨੂੰ ਇੱਕ ਕੁਦਰਤੀ ਜੀਵਨ ਜਿਉਣ ਲਈ ਪ੍ਰੇਰਿਤ ਕਰਦੀ ਹੈ। ਕੇਸਾਂ ਸਦਕਾ ਹੀ ਮਨੁੱਖ ਸਾਬਤ ਸੂਰਤ ਇੱਕ ਸ਼ੁੱਧ ਸਰੂਪ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ। ਸੰਨ 1699 ਈ. ਵਿੱਚ ਗੁਰੂ ਗੋਬਿੰਦ ਸਿੰਘ ਜ ੀਨੇ ਧਰਮ ਦੀ ਰੱਖਿਆ ਕਰਨ ਅਤੇ ਮੁਗਲ ਸ਼ਾਸਕਾਂ ਦੇ ਜ਼ੁਲਮ ਵਿਰੁੱਧ ਸੰਘਰਸ਼ ਕਰਨ ਲਈ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਬਲਹੀਣ, ਗਰੀਬ ਅਤੇ ਅਖੌਤੀ ਨੀਵੀਂ ਜਾਤੀ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਅਰਥਾਤ ਸ਼ੇਰ ਬਣਾ ਦਿੱਤਾ। ਖ਼ਾਲਸੇ ਨੂੰ ਪੰਜ ਕਕਾਰਾਂ ਦੀ ਬਖ਼ਸ਼ਿਸ਼ ਕੀਤੀ ਜਿਨ੍ਹਾਂ ਵਿੱਚ ਕੇਸ ਪ੍ਰਥਮ ਕਕਾਰ ਹੈ। ਇਸ ਪ੍ਰਕਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁੱਧ ਸਰੂਪ ਖ਼ਾਲਸੇ ਨੂੰ ਇੱਕ ਸੰਤ ਸਿਪਾਹੀ ਬਣਾ ਦਿੱਤਾ। ਸਵਾਮੀ ਵਿਵੇਕਾ ਨੰਦ ਜੀ ਨੇ ਖ਼ਾਲਸੇ ਦੇ ਸ਼ੁੱਧ ਸਰੂਪ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਵੰਗਾਰ ਕੇ ਕਿਹਾ, "ਐ ਸ਼ੇਰੋ, ਆਓ! ਆਪਣਾ ਭਰਮ ਜਾਲ ਤੋੜ ਦਿਓ ਕਿ ਤੁਸੀਂ ਭੇਡਾਂ ਹੋ। ਤੁਸੀਂ ਅਮਰ ਹੋ, ਅਨੰਤ ਮੁਕਤ ਆਤਮਾ ਹੋ"।

ਦਸਤਾਰ ਦੀ ਮਹੱਤਤਾ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਹਿੰਦੂ ਅਤੇ ਸਿੱਖ ਸਮਾਜ ਵਿੱਚ ਦਸਤਾਰ (ਪਗੜੀ) ਦੀ ਪ੍ਰਥਾ ਪੁਰਾਣੇ ਸਮੇਂ ਤੋਂ ਚੱਲਦੀ ਆ ਰਹੀ ਹੈ। ਬਾਕੀ ਧਰਮਾਂ ਦੇ ਲੋਕਾਂ

ਨੇ ਵੀ ਸਿਰ ਨੂੰ ਢੱਕ ਕੇ ਰੱਖਣ ਦੀ ਮਰਯਾਦਾ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਯਾਨੀ ਟੋਪੀ ਜਾਂ ਕਿਸੇ ਹੋਰ ਢੰਗ ਨਾਲ ਢੱਕਣ ਦੀ ਲੋੜ ਨੂੰ ਸਵੀਕਾਰ ਕੀਤਾ ਹੈ। ਹਿੰਦੂ ਸਮਾਜ ਵਿੱਚ ਪਗੜੀ ਦੀ ਪ੍ਰਥਾ ਖ਼ਤਮ ਹੋ ਕੇ ਕੇਵਲ ਵਿਆਹ-ਸ਼ਾਦੀਆਂ ਦੇ ਸ਼ੁੱਭ ਅਵਸਰ ਵੇਲੇ ਇੱਕ ਸਮਾਜਿਕ ਰਸਮ ਤੱਕ ਹੀ ਸੀਮਿਤ ਹੋ ਗਈ ਹੈ। ਸਿੱਖ ਸਮਾਜ ਵਿੱਚ ਦਸਤਾਰ ਸਮਾਜਿਕ ਅਤੇ ਧਾਰਮਿਕ ਪੱਖੋਂ ਸਜਾਈ ਜਾਂਦੀ ਹੈ। ਦਸਤਾਰ ਸਾਡੇ ਸਮਾਜ ਦਾ ਗੌਰਵ, ਇੱਜ਼ਤ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਸਮਾਜ ਦਾ ਧਾਰਮਿਕ ਚਿਨ੍ਹ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਬਤ ਸੂਰਤ ਅਤੇ ਦਸਤਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਇਸੇ ਲਈ ਪਾਉਂਟਾ ਸਾਹਿਬ ਵਿਖੇ ਯਮੁਨਾ ਨਦੀ ਦੇ ਕੰਢੇ ਸਿੱਖਾਂ ਵਿੱਚ ਸੁੰਦਰ ਦਸਤਾਰ ਸਜਾਉਣ ਦਾ ਮੁਕਾਬਲਾ ਕਰਾਇਆ ਕਰਦੇ ਅਤੇ ਸਭ ਤੋਂ ਸੁੰਦਰ ਦਸਤਾਰ ਸਜਾਉਣ ਵਾਲੇ ਸਿੰਘ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ।

ਇਨਸਾਨ ਦੀ ਤੰਗਦਿਲੀ ਅਤੇ ਅਗਿਆਨਤਾ ਨੇ ਕੇਸਾਂ ਨੂੰ ਕੇਵਲ ਸਿੱਖ ਧਰਮ ਦੇ ਧਾਰਮਿਕ ਚਿੰਨ੍ਹ ਤੱਕ ਹੀ ਸੀਮਿਤ ਕਰ ਰੱਖਿਆ ਹੈ। ਇਹ ਦ੍ਰਿਸ਼ਟੀਕੋਨ ਠੀਕ ਨਹੀਂ, ਕਿਉਂਕਿ ਪਰਮਾਤਮਾ ਨੇ ਇਨਸਾਨ ਦੇ ਸਰੀਰ 'ਤੇ ਕੋਈ ਐਸੀ ਚੀਜ਼ ਨਹੀਂ ਲਗਾਈ ਜੋ ਬੇਲੋੜੀ ਹੋਵੇ। ਲਗਭਗ ਸਾਰੇ ਧਰਮਾਂ ਦੇ ਅਧਿਆਤਮਕ ਆਗੂ ਕੇਸਾਧਾਰੀ ਹੋਏ ਹਨ। ਇਸ ਲਈ ਕੇਸ ਰੱਖਣਾ ਅਰਥਾਤ ਸਾਬਤ ਸੂਰਤ ਹੋਣਾ ਕੇਵਲ ਧਾਰਮਿਕ ਲੋੜ ਹੀ ਨਹੀਂ ਸਗੋਂ ਇਹ ਮਨੁੱਖੀ ਸਰੀਰ ਦੇ ਵਧਣ-ਫੁੱਲਣ ਲਈ ਵਡਮੁੱਲਾ ਕੁਦਰਤੀ ਸਾਧਨ ਹੈ। ਕੇਸ ਅਤੇ ਦਸਤਾਰ, ਸਿਰ ਨੂੰ ਗਰਮੀ-ਸਰਦੀ ਅਤੇ ਕਿਸੇ ਪ੍ਰਕਾਰ ਦੀ ਸੱਟ-ਚੋਟ ਤੋਂ ਬਚਾਅ ਕੇ ਰੱਖਣ ਲਈ ਅਹਿਮ ਹਨ। ਧਾਰਮਿਕ ਅਸਥਾਨਾਂ ਵਿੱਚ ਵੀ ਸਾਰੇ ਧਰਮਾਂ ਦੇ ਲੋਕ ਸੰਗਤ ਦੇ ਰੂਪ ਵਿੱਚ ਰੱਬ ਦੇ ਸਤਿਕਾਰ ਵਜੋਂ ਸਿਰ ਢੱਕ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਦੇ ਹਨ। ਇਸ ਲਈ ਕੇਸ ਅਤੇ ਦਸਤਾਰ ਦੀ ਮਹੱਤਤਾ ਨੂੰ ਸਮਝਣਾ ਅਤੇ ਅਮਲੀ ਰੂਪ ਦੇਣਾ, ਪਰਮਾਤਮਾ ਦਾ ਸਤਿਕਾਰ ਹੈ, ਜਿਸ ਨੇ ਸਾਰੀ ਮਾਨਵਤਾ ਦੀ ਸਿਰਜਣਾ ਕੀਤੀ ਹੈ।

- "ਕੇਸਧਾਰੀ, ਉੱਤਮ ਮਨੁੱਖ ਦਾ ਉੱਤਮ ਸਰੂਪ ਹੈ"-
ਰਵਿੰਦਰ ਨਾਥ ਟੈਗੋਰ
- ਅਸੀਂ ਪੁਰਾਤਨ ਧਾਰਮਿਕ ਸਿਆਣਪ ਨੂੰ ਮੰਨੀਏ ਜਾਂ ਆਧੁਨਿਕ ਕੰਪਿਊਟਰ ਤੋਂ ਸੇਧ ਲਈਏ, ਵਾਲਾਂ ਨੂੰ ਕੁਦਰਤੀ ਰੂਪ ਵਿੱਚ ਕਾਇਮ ਰਖਣਾ ਲਾਹੇਵੰਦ ਹੋਵੇਗਾ।
ਜਾਰਜ ਬਰਨਾਰਡ ਸਾਅ
- ਵਾਲ ਸ਼ੁੱਧ ਸੂਰਜੀ ਊਰਜਾ ਨੂੰ ਸਰੀਰ ਤੱਕ ਲਿਆਉਣ ਦੇ ਸਮਰੱਥ ਹਨ। ਇਹ ਊਰਜਾ ਸਰੀਰ ਨੂੰ ਸਿਹਤਮੰਦ ਰੱਖਦੀ ਹੈ। ਅਤੇ ਕਈ ਪ੍ਰਕਾਰ ਦੇ ਨੁਕਸਾਨਦੇਹ ਬੈਕਟਰੀਆ ਨੂੰ ਨਸ਼ਟ ਕਰਦੀ ਹੈ।

ਡਾ. ਇੰਦਰਜੀਤ ਕੌਰ ਅੰਮ੍ਰਿਤਸਰ

ਕਵਿਤਾ

## ਖੇਤਾਂ ਦਾ ਸੋਨਾ

ਅਤੈ ਸਿੰਘ

ਅਸੀਂ ਕਾਨੂੰਨ ਨਹੀਂ ਜਾਣਦੇ,
ਕਾਇਦੇ ਜਾਣਦੇ ਹਾਂ।
ਅਸੀਂ ਅੰਕੜੇ ਨਹੀਂ ਅੰਕਦੇ,
ਸਿੱਧੇ ਸਿਆੜ ਕੱਢਦੇ ਹਾਂ।
ਅਸੀਂ ਤੱਥ 'ਕੱਠੇ ਨਹੀਂ ਕਰਦੇ,
ਸ਼ੱਚ ਦੀ ਵੱਥ ਕੱਥਦੇ ਹਾਂ।
ਅਸੀਂ ਕਮਾਉਂਦੇ ਨਹੀਂ,
ਕਮਾਈਆਂ ਕਰਦੇ ਹਾਂ।
ਕਮਾਈਆਂ ਕਰਦੇ ਮਰਦੇ ਤਾਂ ਹਾਂ,
ਪਰ ਸਾਥੋਂ 'ਲੱਛੀ ਦੇ ਬੰਦ' ਨਹੀਂ ਬਣਦੇ।
'ਕੱਤੇ ਦੀ ਕਪਾਹ' ਵੇਚ ਕੇ ਵੀ,
ਸ਼ਾਡਾ ਮਾਮਲਾ ਪੂਰਾ ਨਹੀਂ ਹੁੰਦਾ।
'ਤਾਂਦਲਾ ਸਲਾਰਾ'ਵੀ ਕਿਤੇ ਕਿਸੇ ਭਾਅ ਵਿਕਿਆ ਏ?
ਸਾਨੂੰ ਕੁਝ ਵੀ ਵੇਚਣਾ ਨਹੀਂ ਆਉਂਦਾ।
ਵਪਾਰੀ ਨਹੀਂ ਅਸੀਂ,
ਹਾਲੀ ਪਾਲੀ ਭਿਆਲੀ ਹਾਂ।
ਸਾਨੂੰ ਕਿਹੜਾ 'ਮੀਹ ਜਾਵੇ ਨੇਰ੍ਹੀ ਜਾਵੇ'ਕਹਾਣੀ ਵਾਂਗ,
ਚੜ੍ਹੇ ਮਹੀਨੇ ਤਲਬ ਮਿਲ ਜਾਣੀ ਏ?
ਅਸੀਂ ਤਾਂ 'ਖੇਤੀ ਕਰਮਾਂ ਸੇਤੀ' ਵਾਲੀ ਕਹਾਵਤ ਥੀਂਦੇ,
'ਝੱਖੜ ਝਾਂਬੇ ਆਹਣੋਂ/ ਘਰ ਆਵੇ ਤਾਂ ਜਾਣ' ਦੀ
ਹੋਣੀ ਭੋਗਦੇ
ਮਿੱਟੀ ਨਾਲ ਮਿੱਟੀ ਹੁੰਦੇ,
ਖੇਤਾਂ ਦੇ ਰਾਖੇ ਹਾਂ।
ਅਸੀਂ ਕੰਪਨੀ ਦੇ ਭਾਅ 'ਤੇ ਟਰੈਕਟਰ ਖਰੀਦਦੇ ਹਾਂ,
ਪੰਪ ਦੇ ਭਾਅ 'ਤੇ ਡੀਜ਼ਲ ਖਰੀਦਦੇ ਹਾਂ
ਬਾਜ਼ਾਰ ਦੇ ਭਾਅ 'ਤੇ ਮੱਛੀ ਮੋਟਰ ਖਰੀਦਦੇ ਹਾਂ
ਦੁਕਾਨਦਾਰ ਦੇ ਭਾਅ 'ਤੇ ਬੀਅ ਖਰੀਦਦੇ ਹਾਂ
ਮਿਲਟ ਪਲਾਂਟ ਦੇ ਭਾਅ 'ਤੇ ਦੁੱਧ ਖਰੀਦਦੇ ਹਾਂ
ਫਲੋਰ ਮਿਲ ਦੇ ਭਾਅ 'ਤੇ ਆਟਾ
ਤੇ ਪੈਕਟ 'ਤੇ ਛਪੇ ਭਾਅ 'ਤੇ ਲੂਣ ਤੱਕ ਖਰੀਦਦੇ ਹਾਂ।
ਅਸੀਂ ਆਪਣੇ ਭਾਅ 'ਤੇ ਆਪਣਾ ਕੀ ਵੇਚਦੇ ਹਾਂ?
ਆਪਣੀ ਫ਼ਸਲ ਤਾਂ ਕੀਆਪਣੇ ਭਾਅ 'ਤੇ ਤਾਂ ਅਸੀਂ
ਆਪਣਾ ਮੁੜ੍ਹਕਾ ਵੀ ਨਹੀਂ ਵੇਚਦੇ
ਮੁਸ਼ੱਕਤ ਵੀ ਨਹੀਂ ਵੇਚਦੇ
ਸਾਨੂੰ ਆਪਣਾ ਮੁੜ੍ਹਕਾ ਤਾਂ
ਚਲੋ, ਅਸੀਂ ਆਪਣੀਆਂ ਫ਼ਸਲਾਂ ਦਾ ਫ਼ੈਸਲਾ ਕਰੀਏ
ਨਾ ਕਰੀਏ ਫ਼ਸਲਾਂ ਦਾ ਮੁੱਲ ਪਾਈਏ, ਨਾ ਪਾਈਏ
ਸਾਡੀ ਫ਼ਸਲ ਸਾਡੇ ਭਾਅ 'ਤੇ ਵਿਕੇ, ਨਾ ਵਿਕੇ
ਸਾਨੂੰ ਸਾਡਾ ਮੁੜ੍ਹਕਾ ਤਾਂ ਆਪਣੇ ਭਾਅ 'ਤੇ ਵੇਚਣ ਦਿਓ
ਸਾਡਿਆਂ ਖੇਤਾਂ ਦਾ ਸੋਨਾ ਏ ਇਹ।



# ਲੋਕ ਨਾਚਾਂ ਦਾ ਸਫ਼ਰ

ਡਾ. ਨਰਿੰਦਰ ਨਿੰਦੀ,
ਚੰਡੀਗੜ੍ਹ

ਮੁੱਢ ਕਦੀਮੋਂ ਹੀ ਪੰਜਾਬ ਦੇ ਲੋਕ ਨਾਚ, ਇੱਥੋਂ ਦੇ ਜਨ-ਜੀਵਨ ਦਾ ਅਹਿਮ ਅੰਗ ਰਹੇ ਹਨ। ਲਗਭਗ ਪੰਜ ਹਜ਼ਾਰ ਪੂਰਵ ਈਸਵੀ ਤੋਂ ਲੈ ਕੇ ਅੱਜ ਤੱਕ ਇਸ ਧਰਤੀ ਦੇ ਜਨ ਜੀਵਨ ਵਿੱਚ ਅਨੇਕਾਂ ਭੌਤਿਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਬਦਲਾਵ ਆਉਂਦੇ ਰਹੇ ਹਨ। ਦਰਾਵੜਾਂ, ਆਰੀਆਂ, ਤੁਰਕਾਂ, ਮੰਗੋਲਾਂ, ਯੂਨਾਨੀਆਂ, ਪਾਰਸੀਆਂ ਅਤੇ ਅੰਗ੍ਰੇਜ਼ਾਂ ਨੇ ਇਸ ਧਰਤੀ ਦੇ ਸੱਭਿਆਚਾਰ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਅਨੇਕਾਂ ਤਰ੍ਹਾਂ ਦੀ ਗੜਬੜ ਅਤੇ ਅਸ਼ਾਂਤੀ ਦੇ ਬਾਵਜੂਦ ਇਸ ਧਰਤੀ ਉੱਤੇ ਲੋਕ ਨਾਚ ਨੱਚੇ ਜਾਂਦੇ ਰਹੇ ਹਨ ਜਿਨ੍ਹਾਂ ਨੇ ਇੱਥੋਂ ਦੇ ਜਨਜੀਵਨ ਵਿੱਚ ਖੇੜਾ ਭਰੀ ਰੱਖਿਆ।

ਪੰਜਾਬ ਦੇ ਲੋਕ ਨਾਚ ਲੌਕਿਕ ਪ੍ਰਾਕਿਰਤੀ ਰਖਦੇ ਹਨ। ਮਨ ਵਿੱਚ ਉੱਠੀ ਖੁਸ਼ ਦਿੇ ਬੇਕਾਬੂ ਅਤੇ ਬੇਰੋਕ ਉਛਾਲੇ ਨੂੰ ਗੱਭਰੂ ਅਤੇ ਮੁਟਿਆਰਾਂ, ਕੀ ਬੱਚੇ, ਕੀ ਬੁੱਢੇ, ਸਭ ਮਿਲ ਕੇ ਮਸਤੀ ਨਾਲ ਨੱਚਦੇ ਹਨ। ਕੁੱਝ ਮਾਨਵੀ ਤੱਥ ਗਵਾਹੀ ਭਰਦੇ ਹਨ ਕਿ ਕਬੀਲਿਆਂ ਵਿੱਚ ਰਹਿੰਦੇ ਆਦਿਵਾਸੀ, ਜਦੋਂ ਕੋਈ ਸ਼ਿਕਾਰ ਕਰ ਲੈਂਦੇ ਸਨ ਜਾਂ ਜਦੋਂ ਕੋਈ ਇੱਕ ਕਬੀਲਾ ਦੂਜੇ ਕਬੀਲੇ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਤਾਂ ਉਹ ਇਕੱਠੇ ਮਿਲ ਕੇ ਖ਼ੂਬ ਜਸ਼ਨ ਮਨਾਉਂਦੇ ਅਤੇ ਨੱਚ ਨੱਚ ਕੇ ਬਾਘੀਆਂ ਪਾਉਂਦੇ ਸਨ।

ਕਹਿੰਦੇ ਹਨ ਜਦੋਂ ਉਨ੍ਹਾਂ ਨੂੰ ਨੱਚਣ ਤੇ ਗਾਉਣ ਵਾਸਤੇ ਤਾਲ ਦੀ ਲੋੜ ਮਹਿਸੂਸ ਹੋਣ ਲੱਗੀ ਤਾਂ ਕਬੀਲੇ ਦੇ ਕਿਸੇ ਸਿਆਣੇ ਬੰਦੇ ਦੇ ਮਨ ਵਿੱਚ ਇੱਕ ਤਰਕੀਬ ਸੁੱਝੀ। ਉਸ ਨੇ ਧਰਤੀ ਵਿੱਚ ਟੋਆ ਪੁੱਟਿਆ ਤੇ ਫਿਰ ਕਿਸੇ ਮਰੇ ਹੋਏ ਪਸ਼ੂ ਦੀ ਖੱਲ ਨੂੰ ਸਾਫ਼ ਕਰ ਕੇ, ਉਸ ਉੱਤੇ ਰੱਖ ਕੇ, ਚੁਫ਼ੇਰੇ ਕਿੱਲੀਆਂ ਗੱਡ ਕੇ ਮੜ੍ਹ ਦਿੱਤੀ। ਇਸ ਉਪਰੰਤ ਜਦੋਂ ਉਸ ਉੱਤੇ ਡੰਡੇ (ਡਗਾ) ਮਾਰ ਮਾਰ ਕੇ ਵਜਾਇਆ ਗਿਆ ਤਾਂ ਉਸ ਵਿੱਚੋਂ ਨਗਾਰੇ ਵਰਗੀਆਂ ਡੰਮ ਡੰਮ ਦੀਆਂ ਆਵਾਜ਼ਾਂ ਆਉਣ ਲੱਗੀਆਂ। ਇਸ ਨੂੰ ਸੁਣ ਕੇ ਸਾਰਾ ਕਬੀਲਾ ਖ਼ੁਸ਼ੀ ਵਿੱਚ ਖੂਬ ਨੱਚਿਆ। ਇਹ ਢੋਲ ਦਾ ਪਹਿਲਾ ਰੂਪ ਸੀ।

ਇੱਕ ਦਿਨ ਅਚਾਨਕ ਕਿਸੇ ਆਦਿਵਾਸੀ ਨੂੰ ਜੰਗਲ ਵਿੱਚੋਂ ਲੱਕੜ ਦਾ ਮੋਛਾ ਲੱਭ ਪਿਆ, ਜਿਸ ਦੇ ਵਿਚਕਾਰ ਤੇ ਆਰਪਾਰ ਵੱਡਾ ਖੋਲ ਸੀ। ਕਹਿੰਦੇ ਹਨ ਕਿ ਉਸ ਆਦਿਵਾਸੀ ਦੇ ਮਨ ਵਿੱਚ ਇੱਕ ਤਰਕੀਬ ਸੁੱਝੀ। ਉਸ ਨੇ ਇਸ ਮੋਛੇ ਨੂੰ ਅੰਦਰੋਂ ਬਾਹਰੋਂ ਇੱਕ ਪੱਥਰ ਨਾਲ ਰਗੜ ਰਗੜ ਕੇ ਚੰਗੀ ਤਰ੍ਹਾਂ ਤਰਾਸ਼ ਕੇ ਸਾਫ਼ ਕਰ ਲਿਆ। ਫਿਰ ਉਸ ਨੇ ਇੱਕ ਪਸ਼ੂ ਦੀ ਖੱਲ ਨੂੰ ਪਾਣੀ ਨਾਲ ਨਰਮ ਕਰ ਕੇ ਉਸ ਖੋਲ ਦੇ ਦੋਵੇਂ ਪਾਸੇ ਮੜ੍ਹ ਕੇ (ਬੰਨ੍ਹ ਕੇ) ਢੋਲ ਤਿਆਰ ਕਰ ਲਿਆ। ਫਿਰ ਉਸ ਨੇ ਲਾਗੇ ਪਈ ਇੱਕ ਕਿੱਕਰ ਦੀ ਝਿੰਗ ( ਟਾਹਣੀ) ਨੂੰ ਕੱਟ ਕੇ ਇੱਕ ਖੂੰਟੀ ਜਿਹੀ ਘੜ ਲਈ, ਜਿਸ ਨੂੰ ਡਗਾ ਕਿਹਾ ਜਾਣ ਲੱਗਾ। ਉਸ ਨੇ ਝੁੱਗੀ ਦੀ ਸਿਰਕੀ ਵਿੱਚੋ ਇੱਕ ਛਟੀ ਤੋੜ ਲਈ ਅਤੇ ਜਦੋਂ ਇਸ ਨਾਲ ਢੋਲ ਨੂੰ ਵਜਾਇਆ ਗਿਆ ਤਾਂ ਉਸ ਵਿੱਚੋਂ ਭਾਂਤ ਭਾਂਤ ਦੀਆਂ ਆਵਾਜ਼ਾਂ ਆਉਣ ਲੱਗੀਆਂ, ਜਿਨ੍ਹਾਂ ਨੂੰ ਸੁਣ ਕੇ ਸਾਰੇ ਕਬੀਲਾਵਾਸੀ ਵਾਹ ਵਾਹ ਕਰਨ ਲਗ ਪਏ। ਇਹ ਢੋਲ ਦਾ ਦੂਜਾ ਸੁਧਰਿਆ ਰੂਪ ਸੀ। ਇਸ ਪ੍ਰਕਾਰ ਹੁਣ ਸਾਰਾ ਕਬੀਲਾ ਆਪੋ ਆਪਣੇ ਕੰਮਕਾਜ ਅਤੇ ਖਾਣਪਾਨ ਤੋਂ ਵਿਹਲਾ ਹੋ ਕੇ ਸ਼ਾਮੀਂ ਘੰਟਿਆਂਬੱਧੀ ਢੋਲ ਵਜਾਉਂਦਾ, ਗਾਉਂਦਾ ਅਤੇ ਨੱਚ ਨੱਚ ਕੇ ਖ਼ੂਬ ਮਨੋਰੰਜਨ ਕਰਦਾ।

ਸ਼ੁਰੂ ਸ਼ੁਰੂ ਵਿੱਚ ਇਨ੍ਹਾਂ ਕਬਾਇਲੀ ਲੋਕਾਂ ਦਾ ਮੁੱਖ ਕਿੱਤਾ ਪਸ਼ੂ (ਭੇਡਾਂ, ਬੱਕਰੀਆਂ, ਮੱਝਾਂ, ਗਾਵਾਂ ਅਤੇ ਊਠ) ਪਾਲਣਾ ਸੀ। ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ, ਤਿਉਂ ਤਿਉਂ ਇਨ੍ਹਾਂ ਲੋਕਾਂ ਨੂੰ ਵੀ ਸੁੱਧ-ਬੁੱਧ ਆਉਣ ਲੱਗੀ। ਉਨ੍ਹਾਂ ਨੇ ਹੱਡਭੰਨਵੀਂ ਘਾਲ ਕਮਾਈ ਕਰ ਕੇ ਜੰਗਲਾਂ ਬੇਲਿਆਂ ਨੂੰ ਪੁੱਟ ਕੇ ਜ਼ਮੀਨ ਨੂੰ ਪੱਧਰਾ ਕਰ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਜੀਵਨ ਨੂੰ



ਚੰਗੇਰਾ ਬਣਾਉਣ ਲਈ ਵਿਉਂਤਬੰਦੀ ਅਤੇ ਉਪਰਾਲੇ ਸ਼ੁਰੂ ਕਰ ਦਿੱਤੇ, ਜਿਸ ਦੀ ਬਦੌਲਤ ਉਹ ਇਸ ਪੰਜ ਦਰਿਆਵਾਂ ਦੀ ਜਰਖੇਜ਼ ਭੂਮੀ ਦੇ ਪੱਕੇ ਤੌਰ 'ਤੇ ਵਾਰਸ ਬਣ ਗਏ।

ਇਸ ਤਰ੍ਹਾਂ ਪੰਜਾਬੀਆਂ ਨੇ ਭਾਵੇਂ ਸੱਭਿਅਤਾ ਦੇ ਅਨੇਕਾਂ ਉਤਰਾ-ਚੜ੍ਹਾਅ ਦੇਖੇ ਪਰ ਉਨ੍ਹਾਂ ਦੀਆਂ ਮੂਲ ਪ੍ਰਵਿਰਤੀਆਂ ਦਾ ਆਧਾਰ ਆਦਿਕਾਲੀਨ ਮਨੁੱਖ ਹੀ ਹੈ। ਅੱਜ ਜੇਕਰ ਅਸੀਂ ਕਿਸੇ ਵੀ ਕੋਮਲ ਕਲਾ ਦੀ ਪਰਖ ਕਰਨੀ ਹੋਵੇ ਤਾਂ ਉਸ ਦਾ ਉਦਗਮ ਅਸੀਂ ਆਦਿਕਾਲੀਨ ਮਨੁੱਖ ਵਿੱਚੋਂ ਹੀ ਲੱਭ ਸਕਦੇ ਹਾਂ। ਇਸ ਲਈ ਲੋਕ ਨਾਚਾਂ ਦਾ ਸਫ਼ਰ ਆਦਿ ਮਨੁੱਖ ਦੀਆਂ ਮੁਢਲੀਆਂ ਪ੍ਰਵਿਰਤੀਆਂ ਦੇ ਵਿਕਾਸ ਦੀ ਗਾਥਾ ਹੈ। (ਪੁਸਤਕ-'ਪੰਜਾਬ ਦੇ ਲੋਕ ਨਾਚਾਂ ਦਾ ਸਰਵੇਖਣ' ਵਿੱਚੋਂ),

*ਲਿਖਾਰੀ ਜ਼ਿਲ੍ਹਾ ਰੂਪਨਗਰ ਦੇ ਪਿੰਡ ਜਟਾਣ ਦੇ ਸੈਣੀ (ਬੋਲ਼ਾ) ਪਰਿਵਾਰ ਵਿੱਚੋਂ ਹੈ।

❋ ❋ ❋ ❋ ❋

ਹੱਡਬੀਤੀ

# ਮੇਰੀ ਨਿਯੁਕਤੀ

ਸਵ: ਭੁਪਿੰਦਰ ਸਿੰਘ
ਆਈ.ਏ.ਐੱਸ



ਉਦੋਂ ਸ੍ਰ: ਪ੍ਰਤਾਪ ਸਿੰਘ ਕੈਰੋਂ ਦਾ ਡੰਕਾ ਵੱਜਦਾ ਸੀ ਪੰਜਾਬ ਵਿੱਚ। ਬੜੀ ਦਹਿਸ਼ਤ ਸੀ ਉਹਦੀ ਸਰਕਾਰੀ ਅਫਸਰਾਂ ਤੇ ਕਰਮਚਾਰੀਆਂ 'ਤੇ। ਬੜਾ ਮੋਹ ਸੀ ਪੰਜਾਬ ਦੀ ਨਵਉਸਾਰੀ ਦਾ—ਹਰੇ ਇਨਕਲਾਬ ਦਾ। ਚੌੜੀ ਤਣੀ ਹਿੱਕ ਸਰਸ਼ਾਰ ਸੀ ਪੰਜਾਬ ਤੇ ਪੰਜਾਬੀਅਤ ਦੇ ਝੱਗੋ ਝੱਗ ਦੁੱਧ ਨਾਲ। ਅਜੇ ਵੀ ਨਵੇਂ ਪੰਜਾਬ ਦੀ ਇਮਾਰਤ ਦੀਆ ਨੀਹਾਂ ਤੇ ਮਮਟੀਆਂ ਵੇਖੀਏ ਤਾਂ ਕਿੱਧਰੇ ਨਾ ਕਿੱਧਰੇ ਪ੍ਰਤਾਪ ਸਿੰਘ ਕੈਰੋਂ ਦੀ ਮਿਹਨਤ ਦੇ ਖੂਨ ਦੇ ਛਿੱਟੇ ਲਿਸ਼ਕਦੇ ਦਿਖਾਈ ਦੇਣਗੇ। ਪਰ ਅੰਤਲੇ ਦਿਨਾਂ ਵਿੱਚ ਉਸ ਲੋਹਪੁਰਸ਼ ਦਾ ਤਪ ਤੇਜ ਘੱਟ ਗਿਆ। ਪਹਿਲਾਂ ਵਾਲੀ ਚਮਕ ਦਮਕ ਨਾ ਰਹੀ। ਵਿਧਾਨ ਸਭਾ ਦੇ ਅੰਦਰ ਤੇ ਬਾਹਰ ਖਾਸਾ ਬੋਲ ਬੁਲਾਰਾ ਸੀ ਕਿ ਉਹ ਚੌਤੀ ਵੋਟਾਂ ਨਾਲ ਚੋਣ ਜਿੱਤਿਆ ਨਹੀ, 66 ਵੋਟਾਂ 'ਤੇ ਹਾਰਿਆ ਹੈ, ਪੂਰੇ ਸੌ ਵੋਟਾਂ ਦੀ ਥੱਦੀ ਦੇ ਘਪਲੇ ਸਦਕਾ।

ਉਨ੍ਹਾਂ ਦਿਨਾਂ ਵਿੱਚ ਮੇਰੀ ਪੀ.ਸੀ.ਐਸ. ਦੇ ਮੁਕਾਬਲੇ ਵਿੱਚ ਚੋਣ ਹੋ ਗਈ ਸੀ। ਪੰਜਵਾਂ ਨੰਬਰ ਸੀ ਸੰਯੁਕਤ ਪੰਜਾਬ ਵਿੱਚ। ਉਦੋਂ ਪੰਜਾਬ ਲੋਕ ਸੇਵਾ ਕਮਿਸ਼ਨ ਵਿੱਚ ਰਿਸ਼ਵਤ ਨਾਂ ਦੀ ਬਿਮਾਰੀ ਨੇ ਜਾਲ ਨਹੀ ਸੀ ਪਾਇਆ ਅਜੇ। ਘੱਪਲੇਬਾਜ਼ੀ ਤੇ ਸਿਫਾਰਸ਼ੀ ਲਿਸਟਾਂ ਨੇ ਉਜਲੇ ਨਾਂ ਨੂੰ ਪਲੀਤ ਨਹੀ ਸੀ ਕੀਤਾ। ਨਹੀਂ ਤਾਂ ਕਿਥੇ ਇੱਕ ਗਰੀਬ ਜ਼ਿਮੀਦਾਰ ਦਾ ਪੱਛੜੇ ਇਲਾਕੇ ਦਾ ਜੰਮਪਲ ਤੇ ਕਿਥੇ ਪੀ. ਸੀ. ਐਸ.। ਅੰਗਰੇਜ਼ੀ ਨੂੰ ਮੂੰਹ ਮਾਰਨਾ ਸਿੱਖਿਆ ਈ ਨਹੀਂ ਸੀ। ਪੀ. ਸੀ. ਐਸ. ਵੀ ਦੂਜੀ ਖੁਦਾਈ ਸੀ। ਸਾਰੀਆ ਨਿਆਏ ਪਾਲਿਕਾ ਦੀਆਂ ਤਾਕਤਾਂ ਕੋਲ। ਪੁਲਿਸ ਤੇ ਪੀਡੀ ਪਕੜ। ਪੰਚਾਇਤਾਂ ਤੇ ਮਿਊਂਸਪਲ ਕਮੇਟੀਆਂ ਦੇ ਡਾਇਰੈਕਟੋਰੇਟ ਨਾ ਬਣੇ ਹੋਣ ਕਾਰਨ ਉਹ ਸਿੱਧੀਆਂ ਅਧੀਨ। ਤੇਰ੍ਹਾਂ-ਚੌਦਾਂ ਸਾਲ ਮਗਰੋਂ ਡਿਪਟੀ ਕਮਿਸ਼ਨਰ ਦਾ ਰੁਤਬਾ। ਦਿਵਾਨੀ ਅਦਾਲਤਾਂ ਨੂੰ ਲੋਕ ਉਦੋਂ ਦੁਆਨੀ ਦੀਆਂ ਅਦਾਲਤਾਂ ਕਹਿੰਦੇ ਸਨ।

ਸਾਡੀ ਚੋਣ ਹੋਈ ਨੂੰ ਦਿਨ ਬੀਤ ਗਏ। ਫੇਰ ਸਾਤੇ। ਫੇਰ ਮਹੀਨੇ । ਕੋਈ ਚਿੱਠੀ ਨਾ ਪੱਤਰ। ਉੱਘ ਨਾ ਸੁੱਘ। ਲੋਕ ਟਿੱਚਰਾਂ ਕਰਨ ਲਗ ਪਏ—'ਉਹ ਜਾਂਦਾ ਵਈ ਜਪਾਨੀ ਮੈਜਿਸਟਰੇਟ'। ਜਿਨ੍ਹਾਂ ਬੰਦਿਆਂ ਨਾਲ ਲਗ ਚੁਕ ਸੀ, ਕਹਿਣ ਲਗ ਪਏ 'ਐਵੇਂ ਬੇਪਰ ਦੀ ਉੜਾ ਦਿੱਤੀ'। ਬੜੀ ਨਮੋਸ਼ੀ ਹੁੰਦੀ।

ਪਤਾ ਨਹੀ ਮੇਰੇ ਮਨ ਕਿਵੇਂ ਆਈ। ਮੈਂ ਮੁਖ ਮੰਤਰੀ ਨੂੰ ਚਿੱਠੀ ਲਿਖ ਦਿੱਤੀ। ਮਿਲਣ ਦਾ ਸਮਾਂ ਮੰਗ ਲਿਆ। ਕਿਥੇ ਪ੍ਰਤਾਪ ਸਿੰਘ ਕੈਰੋਂ ! ਇਕ ਰਾਸ਼ਟਰੀ ਨੇਤਾ। ਲੋਕ ਨਾਇਕ। ਜਾਂ ਰਾਜਾ ਭੋਜ। ਜ਼ੀਰੋ ਉਦੋਂ ਹੀ ਹੀਰੋ ਬਣਦਾ ਹੈ ਜਦੋਂ ਮੀਰੀ ਗੁਣ ਹੋਣ ਉਸ ਵਿੱਚ। ਮੇਰੀ ਚਿੱਠੀ ਦਾ ਉੱਤਰ ਆ ਗਿਆ। 27 ਫਰਵਰੀ ਦੀ ਤਾਰੀਖ। ਸਮਾਂ ਸਵੇਰੇ ਗਿਆਰਾਂ ਵਜੇ ਦਾ।

ਮੈ ਸਕੱਤਰੇਤ ਪੁੱਜਾ। ਚਰਚਾ ਸੀ ਕਿ ਮੁੱਖ ਮੰਤਰੀ ਜੀ ਚੰਡੀਗੜ੍ਹ ਤੋਂ ਬਾਹਰ ਨੇ। ਕਿਥੇ? ਇਹ ਨਹੀ ਸੀ ਪਤਾ ਕਿਸੇ ਨੂੰ। ਮੈਂ ਮੁੱਖ ਮੰਤਰੀ ਦਫਤਰ ਦੇ ਇੱਕ ਕਰਮਚਾਰੀ ਨੂੰ ਪੁੱਛਿਆ। ਦੇਖਣ ਨੂੰ ਸੁਪਰਡੰਟ ਲਗਦਾ ਸੀ ਉਹ। ਉਹ ਉੱਤਰ ਉਸ ਦਿੱਤਾ। ਮੈ, ਓ. ਐਸ. ਡੀ. ਨੂੰ ਮਿਲ ਕੇ ਮੁਲਾਕਾਤੀ ਚਿੱਠੀ ਦਿਖਾਈ। ਉਸ ਨੇ ਡਰਾਇਵਰ ਨੂੰ ਬੁਲਾਇਆ ਤੇ ਅੱਖਾਂ ਨਾਲ ਹੀ ਗੱਲਬਾਤ ਕੀਤੀ। ਡਰਾਇਵਰ ਇਕ ਜੀਪ ਵਿਚ ਬਿਠਾ ਕੇ ਮੈਨੂੰ ਝੀਲ ਕੰਢੇ ਇਕ ਕੋਠੀ ਵਿਚ ਲੈ ਗਿਆ। ਨਿਰੋਲ ਖੱਦਰ ਦੇ ਜਾਮੇ ਵਿੱਚ ਮਲਬੂਸ ਸਾਦ ਮੁਰਾਦਾ ਜਿਹਾ ਮੁਖ ਮੰਤਰੀ ਬੈਠਾ ਸੀ। ਕੋਲ ਖੜ੍ਹੇ ਸੈਕਟਰੀ ਡਾਕ ਕਢਾ ਰਹੇ ਸਨ। ਉਨ੍ਹਾਂ ਨਾਲ ਉਹ ਕਦੀ ਅੰਗਰੇਜ਼ੀ ਬੋਲਣ ਲਗਦਾ ਕਦੀ ਪੰਜਾਬੀ। ਕਿਸੇ ਨੂੰ ਸਹੁੰ ਖਾ ਕੇ ਵਿਸ਼ਵਾਸ਼ ਦੁਆਉਣ ਦੀ ਲੋੜ ਨਹੀਂ ਸੀ ਕਿ ਉਹ ਅਮਰੀਕਾ ਪਾਸ ਹੈ। ਪਰ ਆਸ਼ਕ ਪੰਜਾਬੀ ਬੋਲੀ ਦਾ। ਮੈ ਚਿਤਵਦਾ ਕਿ ਮੈ ਉਸ ਸ਼ਖਸ਼ੀਅਤ ਨੂੰ 'ਸਤਿ ਸ੍ਰੀ ਅਕਾਲ' ਕਹਾਂ ਕਿ 'ਜੈ ਹਿੰਦ' ਕਿ 'ਗੁੱਡ ਮਾਰਨਿੰਗ ਸਰ'। ਬਿਨ੍ਹਾਂ ਮੇਰੀ ਵੱਲ ਦੇਖਿਆਂ ਉਸ ਮਿੱਠੇ ਬੋਲਾਂ ਨਾਲ ਪੁੱਛਿਆ "ਕਿਵੇਂ ਆਇਆਂ, ਪੁੱਤਰਾ"?

"ਬਸ, ਦਰਸ਼ਨ ਕਰਨ ਜੀ"। ਉਹਦਾ ਚਿਹਰਾ ਮੋਹਰਾ ਦੇਖ ਕੇ ਸਭ ਭੁੱਖਾਂ ਲਹਿ ਗਈਆਂ।

"ਮੈ ਕੋਈ ਪੀਰ ਪੈਗੰਬਰ ਨਹੀਂ। ਦਰਸ਼ਨ ਕਰਨ ਕੋਈ ਨਹੀਂ ਆਉਂਦਾ, ਇੰਨਾਂ ਪੈਂਡਾ ਮਾਰ ਕੇ। ਦੱਸ-ਦੱਸ ਪੁੱਤਰ, ਸੰਗ ਨਾ"।

"ਸਾਡੀ ਚੋਣ ਹੋਈ ਨੂੰ ਸੱਤ ਮਹੀਨੇ ਬੀਤ ਗਏ। ਨਿਯੁਕਤੀ ਹੁਕਮ ਨਹੀਂ ਆਏ। ਹੁਣ ਤਾਂ ਲੋਕੀਂ ਵੀ ਮਖੌਲ ਉੜਾਉਣ ਲਗ ਗਏ। ਮੇਰਾ ਵੀ ਤੇ ਸਰਕਾਰ ਦਾ ਵੀ"।

"ਕਿਉਂ ਨਹੀਂ ਪੁੱਜੇ ? ਤੇਰਾ ਕੀ ਖਿਆਲ ਐ ?" ਉਹ ਸੋਚੀਂ ਪੈ ਗਏ।

"ਸੱਚ ਤਾਂ ਪਤਾ ਨਹੀਂ ਕੀ ਐ, ਪਰ ਸੱਕਤਰੇਤ ਦੇ ਅੰਦਰ ਤੇ ਬਾਹਰ ਚਰਚਾ ਹੈ ਕਿ ਦੋ ਹੋਰ ਪੀ. ਸੀ. ਐਸ. ਅਫਸਰ ਰਿਟਾਇਰ ਹੋਣ ਵਾਲੇ ਨੇ। ਕੁਝ ਰਸੂਖ ਵਾਲੇ ਬੰਦੇ ਉਹ ਪੋਸਟਾਂ ਰਲਾ ਕੇ ਗਿਣਤੀ ਵਧਾਉਣੀ ਚਾਹੁੰਦੇ ਨੇ"। ਮੈਂ ਝਿਜਕਦਿਆਂ ਕਿਹਾ। ਕੈਰੋਂ ਸਾਹਿਬ ਨੂੰ ਗੱਲ ਸਮਝ ਆ ਗਈ।

"ਜੇ ਚਾਰ ਦਿਨਾਂ ਵਿੱਚ ਹੁਕਮ ਨਾ ਮਿਲੇ ਤਾਂ ਫੇਰ ਆ ਜਾਈਂ ਪ੍ਰਤਾਪ ਸਿੰਘ ਕੋਲ"। ਸ੍ਰ: ਗਿਆਨ ਸਿੰਘ ਕਾਹਲੋਂ ਆਈ. ਸੀ. ਐਸ. ਨੇ ਹੁਕਮ ਆਪਣੀ ਨੋਟ ਬੁੱਕ ਵਿੱਚ ਨੋਟ ਕਰ ਲਿਆ। ਮੈ 'ਸਤਿ ਸ੍ਰੀ ਅਕਾਲ' ਬੁਲਾ ਬਾਹਰ ਆ ਗਿਆ। ਬਿਨ੍ਹਾਂ ਕੋਈ ਉੱਤਰ ਦਿੱਤਿਆਂ ਉਹ ਮੁੜ ਕੰਮ ਵਿੱਚ ਰੁੱਝ ਗਏ। ਪਿਆਰ ਵੀ ਬੜਾ। ਨਖਰਾ ਵੀ ਪੂਰਾ। ਮੈਂ ਸੋਚਿਆ ਇਹ ਵੀ ਉਨ੍ਹਾਂ ਰਾਜਨੀਤਕ ਵਾਅਦਿਆਂ ਜਿਹਾ ਇਕ ਹੋਵੇਗਾ ਜੋ ਸਟੇਜ ਤੇ ਆਮ ਕੀਤੇ ਜਾਂਦੇ ਨੇ। ਸਾਫ਼-

ਬਾਕੀ ਸਫ਼ਾ 27'ਤੇ ........

# ਕਿਸਾਨਾਂ ਦੀ ਆਰਥਿਕਤਾ ਅਤੇ ਦੇਸ਼ ਦੀ ਖੁਸ਼ਹਾਲੀ

ਡਾ. ਰਣਜੀਤ ਸਿੰਘ
ਲੁੱਧਿਆਣਾ



ਅੰਨਦਾਤਾ ਅਖਵਾਉਣ ਵਾਲਾ ਕਿਸਾਨ ਖ਼ੁਦ ਹਮੇਸ਼ਾਂ ਦੁਖੀ ਰਹਿੰਦਾ ਹੈ। ਲੋਕਾਂ ਦਾ ਢਿੱਡ ਭਰ ਵਾਲੇ ਨੂੰ ਖ਼ੁਦ ਕਦੇ ਰੱਜਵੀਂ ਰੋਟੀ ਨਸੀਬ ਨਹੀ ਹੋਈ। ਖੁਸ਼ਹਾਲ ਜ਼ਿੰਦਗੀ ਜਿਉਣਾ ਤਾਂ ਉਸ ਲਈ ਸੁਫ਼ਨਾ ਹੀ ਰਿਹਾ ਹੈ। ਪਹਿਲਾਂ ਉਸ ਨੂੰ ਜਗਰੀਦਾਰ ਲੁੱਟਦੇ ਸਨ, ਮੁੜ ਉਹ ਸ਼ਾਹੂਕਾਰਾਂ ਦੇ ਧੰਜੇ ਵਿੱਚ ਫਸ ਗਿਆ। ਹੁਣ ਉਸ ਦੀ ਲੁੱਟ ਮੰਡੀ ਵਿੱਚ ਆੜ੍ਹਤੀਏ ਤੇ ਬੈਂਕਾਂ ਵਾਲੇ ਕਰਦੇ ਹਨ। ਕਿਸਾਨਾਂ ਦੀ ਇਸ ਹਾਲਤ ਦਾ ਮੁੱਖ ਕਾਰਨ ਉਸ ਨੂੰ ਆਪਣੀ ਉਪਜ ਦਾ ਪੂਰਾ ਅਤੇ ਸਹੀ ਮੁੱਲ ਦਾ ਨਾ ਮਿਲਣਾ ਹੈ।

ਆਜ਼ਾਦੀ ਪਿੱਛੋਂ ਦੇਸ਼ ਵਿਚ ਅਨਾਜ ਦੀ ਥੁੜ੍ਹ ਆ ਗਈ ਸੀ। ਸਰਕਾਰ ਲਈ ਲੋਕਾਂ ਦਾ ਢਿੱਡ ਭਰਨਾ ਔਖਾ ਹੋ ਗਿਆ। ਦੇਸ਼ ਵਿੱਚੋ ਅਨਾਜ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਭਾਰਤ ਨੂੰ ਮੁੱਖ ਤੌਰ ਉਤੇ ਅਮਰੀਕਾ 'ਤੇ ਨਿਰਭਰ ਹੋਣਾ ਪਿਆ। ਦੇਸ਼ ਕੋਲ ਇੰਨੇ ਪੈਸੇ ਵੀ ਨਹੀ ਸਨ ਕਿ ਅਨਾਜ ਖਰੀਦਿਆ ਜਾ ਸਕੇ। ਅਮਰੀਕਾ ਨੇ ਭਾਰਤ ਨੂੰ ਆਪਣੀ ਇੱਕ ਸਕੀਮ ਪੀਐਲ-480 ਅਧੀਨ ਕਣਕ ਭੇਜਣੀ ਸ਼ੁਰੂ ਕੀਤੀ। ਇਸ ਦਾ ਭੁਗਤਾਨ ਡਾਲਰ ਵਿੱਚ ਨਹੀ ਸਗੋਂ ਰੁਪਿਆਂ ਵਿੱਚ ਹੋਣਾ ਸੀ। ਇਹ ਪੈਸਾ ਅਮਰੀਕਾ ਨੇ ਖ਼ਰਚ ਵੀ ਇੱਥੇ ਹੀ ਕਰਨਾ ਸੀ। ਹੋਰ ਸਹਾਇਤਾ ਯੋਜਨਾਵਾਂ ਦੇ ਨਾਲੋ-ਨਾਲ ਅਮਰੀਕਾ ਨੇ ਆਪਣੇ ਕੁਝ ਮਾਹਿਰ ਭੇਜੇ ਤਾਂ ਜੋ ਭਾਰਤ ਵਿੱਚ ਅਨਾਜ ਦੀ ਪੈਦਾਵਾਰ ਵਿਚ ਵਾਧੇ ਲਈ ਕੋਈ ਯੋਜਨਾ ਉਲੀਕੀ ਜਾਵੇ। ਇਨ੍ਹਾਂ ਮਾਹਿਰਾਂ ਵਿੱਚ ਇੱਕ ਡਾ.ਫ਼ਰੈਕ ਪਾਰਕਰ ਵੀ ਸਨ। ਉਨ੍ਹਾਂ ਨੇ ਆਪਣੀ ਖੋਜ ਦੇ ਆਧਾਰ ਉਤੇ ਕਈ ਸਿਫ਼ਾਰਸ਼ਾਂ ਕੀਤੀਆਂ। ਇਨ੍ਹਾਂ ਵਿੱਚੋਂ ਇੱਕ ਮੁੱਖ ਸ਼ਿਫਾਰਸ਼ ਸੀ ਕਿ ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਉਤਸ਼ਾਹਿਤ ਹੋ ਕੇ ਹੋਰ ਮਿਹਨਤ ਕਰੇ ਅਤੇ ਖੇਤੀ ਦੇ ਨਵੇਂ ਢੰਗ ਤਰੀਕੇ ਅਪਨਾਵੇ। ਉਨ੍ਹਾਂ ਆਪਣੀ ਰਿਪੋਰਟ ਉਦੋਂ ਦੇ ਖੇਤੀ ਤੇ ਖ਼ੁਰਾਕ ਮੰਤਰੀ ਅਜੀਤ ਪ੍ਰਸਾਦ ਜੈਨ ਨੂੰ ਭੇਜੀ ਸੀ। ਇਹ ਅਟਲ ਸੱਚਾਈ ਹੈ ਕਿ ਜਦੋ ਤੱਕ ਕਿਸੇ ਵੀ ਦੇਸ਼ ਦਾ ਕਿਸਾਨ ਖੁਸ਼ਹਾਲ ਨਹੀ ਹੁੰਦਾ ਤੇ ਵਪਾਰੀ ਇਮਾਨਦਾਰ ਨਹੀਂ ਹੁੰਦਾ, ਉਦੋਂ ਤਕ ਉਹ ਦੇਸ਼ ਕਦੇ ਵੀ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਨਹੀ ਕਰ ਸਕਦਾ। ਪਾਰਕਰ ਦੀ ਯਾਦ ਤਾਜ਼ਾ ਰੱਖਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੇ ਟੀਚਰਜ਼ ਹੋਮ ਦਾ ਨਾਮ ਪਾਰਕ ਹਾਊਸ ਰੱਖਿਆ ਹੈ।

ਜੂਨ 1964 ਵਿੱਚ ਚਿਦੰਬਰਮ ਸੁਬਰਾਮਨੀਅਮ ਦੇਸ਼ ਦੇ ਖੇਤੀ ਅਤੇ ਖ਼ੁਰਾਕ ਮੰਤਰੀ ਬਣੇ। ਉਹ ਧੜੱਲੇਦਾਰ ਸ਼ਖ਼ਸੀਅਤ ਦੇ ਮਾਲਕ ਸਨ ਤੇ ਤੇਜ਼ੀ ਨਾਲ ਫ਼ੈਸਲਾ ਲੈਣ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਨੇ ਕਿਸਾਨ ਨੂੰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਤਜਵੀਜ਼ ਤਿਆਰ ਕੀਤੀ ਤੇ ਇਸ ਨੂੰ ਕੈਬਨਿਟ ਦੀ ਮੀਟਿੰਗ ਵਿਚ ਪੇਸ਼ ਕੀਤਾ। ਵਿੱਤ ਮੰਤਰੀ ਟੀ.ਟੀ ਕ੍ਰਿਸ਼ਨਾਮਚਾਰੀ ਵੱਲੋ ਇਸ ਦਾ ਵਿਰੋਧ ਕੀਤਾ ਗਿਆ ਪਰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਕਿਉਂਕਿ ਅਨਾਜ ਦੀ ਥੁੜ੍ਹ ਪ੍ਰਧਾਨ ਮੰਤਰੀ ਲਈ ਸਭ ਤੋਂ ਵੱਡੀ ਚੁਣੌਤੀ ਸੀ। ਇਹ ਵੀ ਫ਼ੈਸਲਾ ਹੋਇਆ ਕਿ ਜੇ ਮੰਡੀ ਵਿਚ ਘੱਟੋ-ਘੱਟ ਮਿੱਥੇ ਮੁੱਲ ਤੋਂ ਹੇਠਾਂ ਕੀਮਤ ਆਉਂਦੀ ਹੈ ਤਾਂ ਸਰਕਾਰ ਖਰੀਦ ਕਰੇਗੀ। ਇਹ ਵੀ ਫ਼ੈਸਲਾ ਹੋਇਆ ਕਿ ਫ਼ਸਲਾਂ ਦਾ ਘੱਟੋ-ਘੱਟ ਮੁੱਲ ਮਿੱਥਣ ਲਈ ਕਮਿਸ਼ਨ ਬਣਾਇਆ ਜਾਵੇ। ਅਨਾਜ ਦੇ ਭੰਡਾਰ ਦੀ ਜ਼ਿੰਮੇਵਾਰੀ ਲਈ ਵੇਅਰ ਹਾਊਸਿੰਗ ਕਾਰਪੋਰੇਸ਼ਨ ਬਣਾਈ ਗਈ। ਅਨਾਜ ਦੀ ਖ਼ਰੀਦ ਤੇ ਵੰਡ ਦੀ ਜ਼ਿੰਮੇਵਾਰੀ ਲਈ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਬਣਾਉਣ ਦਾ ਫੈਸਲਾ ਕੀਤਾ ਗਿਆ। ਜਦੋਂ ਮੁੱਲ ਕਮਿਸ਼ਨ ਹੋਂਦ ਵਿਚ ਆਇਆ ਤਾਂ ਪੰਜਾਬ ਐਗਰੀਕਲਚਰਲ ਯੂਨਿਵਰਸਿਟੀ ਦੇ ਅਰਥ ਸ਼ਾਸਤਰੀ ਡਾ. ਅਵਤਾਰ ਸਿੰਘ ਕਾਹਲੋਂ ਨੂੰ ਚੇਅਰਮੈਨ ਬਣਾਇਆ ਗਿਆ। ਇਥੋਂ ਦੇ ਹੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਨੂੰ ਵੀ ਇਸ ਪਦਵੀ 'ਤੇ ਕੰਮ ਕਰਨ ਦਾ ਮੌਕਾ ਮਿਲਿਆ ਸੀ।

ਉਦੋਂ ਹੀ ਮੈਕਸਿਕੋ ਵਿੱਚ ਡਾ.ਬੌਰਲਾਗ ਦੀ ਅਗਵਾਈ ਹੇਠ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਹੋਈਆਂ। ਖੇਤੀ ਮੰਤਰੀ ਸੁਬਰਾਮਨੀਅਮ ਨੇ ਬਿਨਾਂ ਸਰਕਾਰੀ ਲਾਲ ਫ਼ੀਤਾਸ਼ਾਹੀ ਦੀ ਪ੍ਰਵਾਹ ਕੀਤਿਆਂ ਵੱਡੀ ਮਾਤਰਾ ਵਿਚ ਉਥੋਂ ਬੀਜ ਦੀ ਖ਼ਰੀਦ ਕਰਵਾਈ ਅਤੇ ਕਿਸਾਨਾਂ ਨੂੰ ਵੰਡਿਆ। ਕਣਕ ਦੀ ਪੈਦਾਵਾਰ ਵਿਚ ਤੇਜ਼ੀ ਨਾਲ ਵਾਧਾ ਹੋਇਆ। ਸਰਕਾਰ ਨੇ ਵੀ ਮਿੱਥੇ ਮੁੱਲ ਉੱਤੇ ਇਸ ਦੀ ਖ਼ਰੀਦ ਕੀਤੀ। ਜੇ ਅਜਿਹਾ ਨਾ ਹੋਇਆ ਹੁੰਦਾ ਤਾਂ ਸ਼ਾਇਦ ਉਤਰੀ ਭਾਰਤ ਵਿਚ ਹਰਾ ਇਨਕਲਾਬ ਨਾ ਸਿਰਜਿਆ ਜਾਂਦਾ। ਆਪਣੀ ਉਪਜ ਦਾ ਮੁੱਲ ਮਿਲਣ ਕਰ ਕੇ ਕਿਸਾਨਾਂ ਨੇ ਪਹਿਲੀ ਵਾਰ ਖੁਸ਼ਹਾਲੀ ਦਾ ਮੂੰਹ ਦੇਖਿਆ।

ਮੌਜੂਦਾ ਸਰਕਾਰ ਨੇ ਵੀ ਕਿਸਾਨ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਪਰ ਅਜਿਹਾ ਨਹੀਂ ਹੋ ਸਕਿਆ ਕਿਉਂਕਿ ਕਿਸਾਨ ਦੀ ਆਮਦਨ ਵਿਚ ਵਾਧਾ ਉਸ ਦੀ ਉਪਜ ਦਾ ਪੂਰਾ ਮੁੱਲ ਮਿਲਣ ਉੱਤੇ ਹੀ ਹੋ ਸਕਦਾ ਹੈ। ਇਸ ਨਾਲ ਕਿਸਾਨ ਨੇ ਜਿਹੜੀ ਖੁਸ਼ਹਾਲੀ ਦਾ ਮੂੰਹ ਦੇਖਿਆ ਸੀ, ਉਹ ਫਿੱਕੀ ਪੈਣੀ ਸ਼ੁਰੂ ਹੋ ਗਈ ਹੈ। ਹੁਣ ਹਾਲਤ ਇਹ ਹੋ ਗਈ ਹੈ ਕਿ ਪੰਜਾਬ ਦੇ ਬਹੁਤੇ ਕਿਸਾਨ ਕਰਜ਼ੇ ਵਿਚ ਡੁੱਬੇ ਪਏ ਹਨ ਤੇ ਖੇਤੀ ਵਿਕਾਸ ਦਰ ਸਾਰੇ ਦੇਸ਼ ਨਾਲੋਂ ਘੱਟ ਹੋ ਗਈ ਹੈ।

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਇੱਥੇ ਦੀ ਘੱਟੋ-ਘੱਟ ਅੱਧੀ ਵਸੋਂ ਦਾ ਰੁਜ਼ਗਾਰ ਖੇਤੀ 'ਤੇ ਨਿਰਭਰ ਹੈ। ਵਧ ਰਹੀ ਆਬਾਦੀ ਦਾ ਢਿੱਡ ਭਰਨ ਲਈ ਅਨਾਜ ਦੀ ਉਪਜ ਵਿਚ

ਵਾਧਾ ਜ਼ਰੂਰੀ ਹੈ। ਉੱਨਤ ਦੇਸ਼ਾਂ ਵਾਂਗ ਭਾਰਤ ਵਿਚ ਵਸੋਂ ਦੀ ਬਹੁ-ਗਿਣਤੀ ਨੂੰ ਸਨਅਤੀ ਅਤੇ ਦੂਜੇ ਖੇਤਰਾਂ ਵਿਚ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸਵੈ-ਚਾਲਕ ਮਸ਼ੀਨਾਂ ਆਉਣ ਨਾਲ ਕਾਮਿਆਂ ਦੀ ਲੋੜ ਘਟ ਗਈ ਹੈ। ਮਸਨੂਈ ਸਿਆਣਪ ਵਿੱਚ ਹੋ ਰਹੇ ਵਾਧੇ ਕਾਰਨ ਵੀ ਨੌਕਰੀਆਂ ਘਟ ਰਹੀਆਂ ਹਨ। ਇਸ ਕਰ ਕੇ ਸਰਕਾਰ ਨੂੰ ਦੇਸ਼ ਦੀ ਖੁਸ਼ਹਾਲੀ ਲਈ ਜਿੱਥੇ ਨਵੀਂ ਤਕਨਾਲੋਜੀ ਦੀ ਲੋੜ ਹੈ, ਉੱਥੇ ਉਪਜ ਦਾ ਪੂਰਾ ਮੁੱਲ ਦੇਣਾ ਵੀ ਜ਼ਰੂਰੀ ਹੈ। ਇਸ ਵਿਚ ਵਪਾਰੀ ਵੀ ਸਰਕਾਰ ਦੀ ਸਹਾਇਤਾ ਕਰ ਸਕਦੇ ਹਨ। ਕਿਸਾਨ ਦੀ ਲੁੱਟ ਕਰਨ ਦੀ ਥਾਂ ਇਮਾਨਦਾਰੀ ਨਾਲ ਉਸ ਦੀ ਉਪਜ ਦੀ ਪੂਰੀ ਕੀਮਤ ਦਿੱਤੀ ਜਾਵੇ। ਇਹ ਮੰਨਣਾ ਪਵੇਗਾ ਕਿ ਦੇਸ਼ ਦੀ ਲਗਪਗ ਅੱਧੀ ਵਸੋਂ ਨੂੰ ਸੰਤੁਲਿਤ ਭੋਜਨ ਨਸੀਬ ਨਹੀਂ ਹੁੰਦਾ ਅਤੇ ਸਰਕਾਰ ਕਰੀਬ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੇ ਰਹੀ ਹੈ। ਇਸ ਕਰ ਕੇ ਖੇਤੀ ਵਿਕਾਸ ਉੱਤੇ ਹੀ ਦੇਸ਼ ਦਾ ਉਜਵਲ ਭਵਿੱਖ ਨਿਰਭਰ ਕਰਦਾ ਹੈ। ਮਰਹੂਮ ਖੇਤੀ ਵਿਗਿਆਨੀ ਡਾ. ਸਵਾਮੀਨਾਥਨ ਨੇ ਆਖਿਆ ਸੀ ਕਿ ਭਵਿੱਖ ਵਿਚ ਉਹ ਦੇਸ਼ ਤਾਕਤਵਰ ਨਹੀਂ ਹੋਵੇਗਾ ਜਿਸ ਕੋਲ ਸ਼ਕਤੀਸ਼ਾਲੀ ਫ਼ੌਜ ਹੋਵੇਗੀ, ਸਗੋ ਉਹ ਦੇਸ਼ ਹੀ ਤਾਕਤਵਰ ਹੋਵੇਗਾ ਜਿਸ ਕੋਲ ਭੋਜਨ ਹੋਵੇਗਾ।

ਸਰਕਾਰ ਹੁਣ ਕਰੀਬ 22 ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨ ਕਰਦੀ ਹੈ। ਇਸ ਨੂੰ ਲਾਗੂ ਕਰਨ ਵਿਚ ਕੁਝ ਮੁਸ਼ਕਲਾਂ ਤਾਂ ਆ ਸਕਦੀਆ ਹਨ ਪਰ ਇਹ ਸੰਭਵ ਹੈ। ਸਰਕਾਰ ਨੂੰ ਸਾਰੀ ਵਸੋਂ ਦਾ ਢਿੱਡ ਭਰਨ ਲਈ ਅਨਾਜ ਦਾ ਬਹੁਤਾ ਹਿੱਸਾ ਤਾਂ ਖੁਦ ਹੀ ਖ਼ਰੀਦਣਾ ਪਵੇਗਾ ਪਰ ਹਰ ਜਿਣਸ ਦੀ ਸਰਕਾਰੀ ਖ਼ਰੀਦ ਜ਼ਰੂਰੀ ਨਹੀਂ ਹੈ। ਸਰਕਾਰ ਰਾਜਾਂ ਦੇ ਮੰਡੀ ਬੋਰਡਾਂ ਰਾਹੀ ਇਹ ਨਿਸ਼ਚਿਤ ਕਰਵਾਏ ਕਿ ਮੰਡੀ ਵਿਚ ਜਿਣਸ ਦੀ ਬੋਲੀ ਮਿੱਥੇ ਗਏ ਘੱਟੋ-ਘੱਟ ਮੁੱਲ ਤੋਂ ਸ਼ੁਰੂ ਕੀਤੀ ਜਾਵੇ। ਇੰਜ ਕਿਸਾਨ ਦੀ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਜਿਣਸਾਂ ਦਾ ਮੁੱਲ ਵੀ ਡਾ. ਸਵਾਮੀਨਾਥਨ ਦੀ ਸਿਫ਼ਾਰਸ਼ ਅਨੁਸਾਰ ਹੀ ਮਿੱਥਿਆ ਜਾਵੇ ਤਾਂ ਜੋ ਕਿਸਾਨ ਵੀ ਰੱਜਵੀ ਰੋਟੀ ਖਾ ਸਕੇ। ਜੇ ਸਰਕਾਰ ਸਨਅਤਕਾਰਾਂ ਦੀ ਇੰਨੀ ਮਾਇਕ ਸਹਾਇਤਾ ਕਰ ਸਕਦੀ ਹੈ ਤਾਂ ਕਿਸਾਨ ਦੀ ਮਦਦ ਕਿਉਂ ਨਹੀ ਕੀਤੀ ਜਾ ਸਕਦੀ ਜਿਹੜਾ ਕਿ ਮਨੁੱਖ ਦੀ ਸਭ ਤੋਂ ਮੁਢਲੀ ਲੋੜ ਭੋਜਨ ਪੈਦਾ ਕਰਦਾ ਹੈ। ਚੰਦ ਉੱਤੇ ਜਾਣ ਨਾਲੋ ਕਿਸਾਨ ਦੀ ਖੁਸ਼ਹਾਲੀ ਵਧੇਰੇ ਜ਼ਰੂਰੀ ਹੈ।

ਹੁਣ ਪੰਜਾਬ ਬਾਰੇ ਵੀ ਚਰਚਾ ਕਰਨੀ ਬਣਦੀ ਹੈ ਕਿਉਂਕਿ ਪੰਜਾਬ ਹੀ ਦੇਸ਼ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਉਂਦਾ ਹੈ। ਪੰਜਾਬ ਵਿੱਚ ਕਣਕ, ਚੌਲ, ਕਪਾਹ, ਗੰਨਾ ਅਤੇ ਦੁੱਧ ਪਹਿਲਾਂ ਹੀ ਘੱਟੋ-ਘੱਟ ਮਿੱਥੇ ਸਮਰਥਨ ਮੁੱਲ ਉੱਤੇ ਖ਼ਰੀਦੇ ਜਾਂਦੇ ਹਨ। ਇਹ ਮੁੱਲ ਮਿਥਦੇ ਸਮੇਂ ਵਧ ਰਹੀਆਂ ਕੀਮਤਾਂ ਦਾ ਧਿਆਨ ਜ਼ਰੂਰ ਰੱਖਿਆ ਜਾਵੇ। ਜਿੱਥੋਂ ਤਕ ਦਾਲਾਂ ਅਤੇ ਬੀਜਾਂ ਦਾ ਸਬੰਧ ਹੈ, ਇਸ ਸਮੇਂ ਸੂਬੇ ਵਿਚ 6500 ਟਨ ਦਾਲਾਂ ਅਤੇ 74,000 ਟਨ ਤੇਲ ਬੀਜ ਪੈਦਾ ਹੁੰਦੇ ਹਨ। ਇਨ੍ਹਾਂ ਦੀ ਕੀਮਤ ਘੱਟ ਹੋਣ ਤੋਂ ਰੋਕਣ ਵਿਚ ਕੇਂਦਰੀ ਸਰਕਾਰ ਦੀ ਸਹਾਇਤਾ ਨਾਲ ਰਾਜ ਸਰਕਾਰ ਵਧੀਆ ਭੂਮਿਕਾ ਨਿਭਾ ਸਕਦੀ ਹੈ। ਜੇ ਪੰਜਾਬ ਦੇ ਅਦਾਰੇ ਆਸਾਮ ਤੋਂ ਚਾਹ ਪੱਤੀ ਖ਼ਰੀਦ ਕੇ ਵੇਚ ਸਕਦੇ ਹਨ ਤਾਂ ਤੇਲ ਬੀਜਾਂ ਦਾ ਤੇਲ ਕਿਉਂ ਨਹੀ ਵੇਚ ਸਕਦੇ। ਮੱਕੀ ਅਤੇ ਬਾਜਰੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਜਿੱਥੇ ਵੱਧ ਝਾੜ ਵਾਲੀਆਂ ਕਿਸਮਾਂ ਵਿਕਸਤ ਕਰਨ ਦੀ ਲੋੜ ਹੈ, ਉੱਥੇ ਇਨ੍ਹਾਂ ਦੀ ਸਨਅਤੀ ਵਰਤੋਂ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਆਧਾਰਤ ਸਨਅਤਾਂ ਨੂੰ ਉਤਸ਼ਾਹਿਤ ਕਰੇ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡਣ ਨਾਲ ਵੋਟਾਂ ਤਾਂ ਪ੍ਰਾਪਤ ਹੋ ਸਕਦੀਆਂ ਹਨ ਪਰ ਭਾਰਤ ਵਿਕਸਤ ਦੇਸ਼, ਉਦੋਂ ਹੀ ਬਣੇਗਾ ਜਦੋਂ ਇੱਥੇ ਦਾ ਕਿਸਾਨ ਖ਼ੁਸ਼ਹਾਲ ਹੋਵੇਗਾ ਅਤੇ ਪਿੰਡਾਂ ਦਾ ਵਿਕਾਸ ਹੋਵੇਗਾ।

## ਸ਼ਰਧਾਜਲੀ

ਆਪ ਸਭ ਨੂੰ ਇਹ ਜਾਣ ਕੇ ਅਥਾਹ ਸਦਮਾ ਪਹੁੰਚੇਗਾ ਕਿ ਮਾਤਾ ਅੰਮ੍ਰਿਤ ਕੌਰ ਪਤਨੀ ਸਵ. ਹਜ਼ੂਰਾ ਸਿੰਘ ਵਾਸੀ ਦੇਸੂ ਮਾਜਰਾ (ਜ਼ਿਲ੍ਹਾ ਮੋਹਾਲੀ) 90 ਸਾਲ ਤੋਂ ਵੱਧ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਇੱਕ ਸਾਧਾਰਨ ਸੈਣੀ ਕਿਸਾਨੀ ਪਰਿਵਾਰ ਨਾਲ ਸਬੰਧ ਰਖਦੇ ਸਨ ਪਰ ਉਨ੍ਹਾਂ ਨੇ ਅਤਿ ਦੀ ਮਿਹਨਤ ਤੇ ਸਿਦਕ ਨਾਲ ਪਰਿਵਾਰ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਇਸ ਸਦਕਾ ਉਨ੍ਹਾਂ ਦੇ ਚਾਰ ਬੇਟਿਆਂ ਵਿੱਚੋਂ ਸਭ ਤੋਂ ਵੱਡਾ ਬੇਟਾ ਸਵ. ਪਰਵਿੰਦਰ ਸਿੰਘ ਮੇਜਰ ਜਨਰਲ ਦੇ ਉੱਚ ਅਹੁਦੇ ਤੋਂ ਰਿਟਾਇਰ ਹੋਇਆ, ਉਨ੍ਹਾਂ ਦਾ ਇੱਕ ਪੋਤਰਾ ਭਾਰਤੀ ਥਲ ਸੈਨਾ ਵਿੱਚ ਕਰਨਲ ਅਤੇ ਦੂਜਾ ਪੋਤਰਾ ਸ. ਤੇਜਦੀਪ ਸਿੰਘ ਪੀ.ਸੀ.ਐਸ ਹੈ । ਸ. ਸੁਖਵਿੰਦਰ ਸਿੰਘ ਸੈਣੀ ਭਵਨ ਰੂਪਨਗਰ ਦੇ ਸ਼ੁੱਭ ਚਿੰਤਕ ਹਨ ਜੋ ਇਸ ਦੇ ਸਮਾਜ ਸੇਵੀ ਕਾਰਜਾਂ ਵਿੱਚ ਸ਼ਾਮਿਲ ਹੋ ਕੇ ਇਸ ਦੀ ਵਿਤੀ ਅਤੇ ਹੋਰ ਹਰ ਪ੍ਰਕਾਰ ਦੀ ਸਹਾਇਤਾ ਕਰਦੇ ਹਨ।



ਮਾਤਾ ਜੀ ਦੀ ਆਤਮਾ ਦੇ ਭਲੇ ਲਈ ਅੰਤਿਮ ਅਰਦਾਸ ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਡਾ.ਅਜਮੇਰ ਸਿੰਘ, ਜਨਰਲ ਸਕੱਤਰ ਸ. ਬਲਬੀਰ ਸਿੰਘ, ਟਰੱਸਟੀ ਸ. ਅਮਰਜੀਤ ਸਿੰਘ ਤੇ ਸ. ਰਾਜਿੰਦਰ ਸਿੰਘ ਨਨੂਆਂ ਸ਼ਾਮਿਲ ਹੋਏ। ਇਸ ਸਮੇਂ ਡਾ.ਅਜਮੇਰ ਸਿੰਘ ਨੇ ਇਕੱਠ ਨੂੰ ਸੰਬੋਧਿਨ ਕਰਦਿਆਂ ਸਮਾਜ ਵਿੱਚ ਮਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਮਾਤਾ ਅੰਮ੍ਰਿਤ ਕੌਰ ਜੀ ਦੇ ਮਹਾਨ ਜੀਵਨ 'ਤੇ ਰੌਸ਼ਨੀ ਪਾਈ। ਇਸ ਸਮਾਗਮ ਵਿੱਚ ਸਮਾਜ ਦੇ ਹਰ ਵਰਗ ਦੇ ਪਤਵੰਤੇ ਸ਼ਾਮਿਲ ਹੋਏ।

ਕਹਾਣੀ

# ਉਹ ਕੁੜੀ - ਪਿੰਡ ਦੀ ਧੀ

**ਡਾ. ਜਸਵੰਤ ਕੌਰ**
ਸੈਣੀ ਭਵਨ, ਰੂਪਨਗਰ



ਐਤਕੀਂ ਜਦੋਂ ਉਹ ਆਪਣਾ ਮੁੰਡਾ ਵਿਆਹੁਣ ਲਈ ਅਮਰੀਕਾ ਤੋਂ ਆਈ ਤਾਂ ਆਪਣੀ ਸਾਰੀ ਰਿਸ਼ਤੇਦਾਰੀ ਵਿਚ ਉਸਨੇ ਕਾਰਡ ਵੰਡੇ। ਆਪਣੇ ਪੇਕੇ ਵੀ, ਸਾਰੇ ਸ਼ਰੀਕੇ ਵਿੱਚ। ਪਿੰਡ ਦੇ ਜਿਹੜੇ ਘਰਾਂ ਦੇ ਮੁੰਡੇ ਅਮਰੀਕਾ ਵਿਚ ਰਹਿੰਦੇ ਸਨ ਉਨ੍ਹਾਂ ਦੇ ਘਰੀਂ ਵੀ ਕਾਰਡ ਦਿੱਤੇ। ਉੱਥੇ ਉਹ ਉਹਦੇ ਨਾਲ ਐਨ ਚੰਗੀ ਤਰ੍ਹਾਂ ਮਿਲਦੇ ਵਰਤਦੇ ਸਨ, ਜਿਵੇਂ ਪਿੰਡ ਦੀਆਂ ਧੀਆਂ ਧਿਆਣੀਆਂ ਨਾਲ ਮਿਲੀ ਵਰਤੀਦਾ ਹੈ। ਨਾਲੇ ਅਮਰੀਕਾ ਵਿਚ ਪਿੱਛਾ ਕੌਣ ਦੇਖਦਾ ਹੈ। ਉੱਥੇ ਤਾਂ ਆਪਣੇ ਜ਼ਿਲ੍ਹੇ ਦਾ ਹੀ ਮਿਲ ਜਾਵੇ ਉਹ ਵੀ ਆਪਣਾ ਲਗਦਾ। ਫਿਰ ਜੇ ਬੰਨੇ ਬਸੀਮੇ ਦਾ ਹੋਵੇ ਉਹ ਹੋਰ ਵੀ ਆਪਣਾ। ਜੇ ਹੋਵੇ ਈ ਆਪਣੇ ਪਿੰਡ ਦਾ ਤਾਂ ਉਹ ਤਾਂ ਸਕਿਆਂ ਨਾਲੋਂ ਵੀ ਵਧ ਲਗਦਾ। ਸ਼ਰੀਕੇ ਨੂੰ ਫੂਕਣਾ, ਸ਼ਰੀਕੇ ਨੇ ਤਾਂ ਉਹਦੇ ਨਾਲ ਆਪਣੀਆਂ ਧੀਆਂ ਵੀ ਮਿਲਣ ਨਾ ਦਿੱਤੀਆਂ। ਜਿੱਧਰ ਦੀ ਉਹ ਲੰਘਦੀ ਸੀ ਉਧੱਰ ਦੀ ਉਹ ਲੋਕ ਆਪਣੀਆਂ ਧੀਆਂ-ਨੂਹਾਂ ਦਾ ਜਾਣਾ ਵਰਜ ਦਿੰਦੇ ਸੀ।

ਗੱਲ ਇਹ ਨਹੀਂ ਸੀ ਕਿ ਉਹਨੇ ਕੋਈ ਗਲਤੀ ਕੀਤੀ ਸੀ, ਕੋਈ ਪਾਪ ਕੀਤਾ ਸੀ ਜਾਂ ਸਮਾਜ ਦੀ ਕੋਈ ਲਛਮਣ ਰੇਖਾ ਉਲੰਘੀ ਸੀ। ਬੱਸ ਉਂਦਾਂ ਈ ਉਹਦੇ ਪੇਸ਼ ਪੈ ਗਏ ਸਨ ਲੋਕ, ਉਹਦੀ ਮਾਂ ਦੀ ਗਲਤੀ ਕਰਕੇ। ਮਾਂ ਉਹਦੀ ਬਹੁਤ ਹੀ ਸੋਹਣੀ ਸੀ, ਚੁਸਤ-ਚਲਾਕ, ਪਟਾਅਕ ਪਟਾਅਕ ਗੱਲਾਂ ਮਾਰਨ ਵਾਲੀ, ਸਾਰੇ ਪਿੰਡ ਵਿੱਚੋਂ ਸ਼ਰਾਰਤੀ। ਪਰ ਉਹਦਾ ਬਾਪ ਬਿਲਕੁੱਲ ਈ ਸਿੱਧਾ, ਬੱਸ ਕੋਹਲੂ ਦਾ ਬਲਦ। ਅੱਖਾਂ ਉੱਤੇ ਖੋਪੇ ਚੜ੍ਹਾ ਦਿਓ ਤਾਂ ਸਾਰੀ ਦਿਹਾੜੀ ਗਾਧੀ ਦੁਆਲੇ ਘੁੰਮੀ ਜਾਊ। ਖੇਤੋਂ ਘਰ, ਘਰੋਂ ਖੇਤ, ਪਸ਼ੂਆਂ ਨਾਲ ਪਸ਼ੂ ਹੋਇਆ ਰਹਿੰਦਾ। ਕੱਖ ਪੱਠੇ ਤੋਂ ਵਿਹਲਾ ਈ ਨਹੀਂ ਸੀ ਹੁੰਦਾ। ਸਜਣ-ਸੰਵਰਨ ਦਾ ਚੱਜ-ਅਚੱਜ ਹੀ ਨਹੀਂ ਸੀ। ਦਿਨ ਦੇ ਕੰਮ ਦਾ ਭੰਨਿਆ, ਜਿਸ ਮੰਜੇ 'ਤੇ ਬੈਠ ਕੇ ਰੋਟੀ ਖਾਂਦਾ ਉੱਥੇ ਟੇਢਾ ਹੋ ਜਾਂਦਾ। ਉੱਥੇ ਹੀ ਸਵੇਰੇ 'ਭਾਈ' ਦੇ ਬੋਲਣ ਨਾਲ ਜਾਗਦਾ। ਮੁੜ ਕੇ ਫੇਰ ਉਹੋ ਚੁਰਾਸੀ ਦਾ ਗੇੜ ਸ਼ੁਰੂ ਹੋ ਜਾਂਦਾ।

ਬਿੰਬੋ ਕਚੀਚੀਆਂ ਲੈਂਦੀ। ਉਹਨੂੰ ਉਲਟਾ-ਪੁਲਟਾ ਕੇ ਹਲੂਣੇ ਦਿੰਦੀ। ਨਿਆਣਿਆਂ ਦੀ ਮੰਜੇ ਦੀ ਪੈਂਦ ਵੱਲ ਆਪ ਵੀ ਨੀਂਦ ਦੀ ਗੋਦ ਵਿਚ ਚਲੀ ਜਾਂਦੀ। ਆਪਣੇ ਰੂਪ ਨੂੰ ਭੋਰ-ਭੋਰ ਕੇ ਉਹ ਆਪਣੀ ਜ਼ਿੰਦਗੀ ਜਿਉ ਰਹੀ ਸੀ। ਪਰ ਉਹਦੇ ਅੰਦਰਲੀ ਤੀਵੀਂ ਸਿੱਧੇ ਸਾਦੇ ਮੇਲੂ ਨਾਲ ਕਿਸੇ ਤਰ੍ਹਾਂ ਵੀ........। ਹੌਲੀ-ਹੌਲੀ ਉਹ ਕਿਸ਼ਨੇ ਵੱਲ ਖਿੱਚੀ ਗਈ। ਪਿੰਡ ਦੇ ਲੋਕਾਂ ਦੀਆਂ ਅੱਖਾਂ ਹਰ ਵੇਲੇ ਉਹ ਦੀ ਪੈੜ ਦੱਬਦੀਆਂ ਰਹਿੰਦੀਆ। ਲੋਕ ਹਰ ਵੇਲੇ ਇਸ ਤਾਕ ਵਿਚ ਰਹਿੰਦੇ ਕਿ ਕਦੋਂ ਬੁੱਕਲ 'ਚ ਭੰਨੇ ਗੁੜ ਦਾ ਮੁਸ਼ਕ ਆਵੇ। ਲੁਕ ਛਿਪ ਕੇ ਕਿਸ਼ਨੇ ਨਾਲ ਨਿਭਾਉਣੀ ਬਹੁਤ ਔਖੀ ਸੀ। ਫਿਰ ਵਿਚ ਜਿਸ ਥਾਂ ਉਹਦਾ ਘਰ ਸੀ ਉਹ ਪਿੰਡ ਦਾ ਚੌਂਕ ਸੀ, ਵਿਹਲੜਾਂ ਦੇ ਬੈਠਣ ਦੀ ਥਾਂ। ਉਹਦੇ ਘਰ ਦਾ ਦਰਵਾਜਾ ਭਾਵੇਂ ਚੌਂਕ ਤੋਂ ਜ਼ਰਾ ਅਗਾਂਹ ਖੁੱਲ੍ਹਦਾ ਸੀ ਪਰ ਲੋਕਾਂ ਦੇ ਮੁੰਡੀਰ ਵਾਧੇ ਦੀਆਂ ਅਤੇ ਅੱਧਖੜ ਤਾਸ਼ ਦੇ ਸ਼ੌਕੀਆਂ ਦਾ ਪੱਤਿਆਂ ਵੱਲ ਧਿਆਨ ਘੱਟ ਰਹਿੰਦਾ, ਉਹਦੇ ਦਰਵਾਜੇ ਵੱਲ ਵਧੇਰੇ। ਕਿਸ਼ਨੇ ਤੇ ਮੇਲੂ ਦੇ ਰਿਸ਼ਤੇ ਵਿੱਚੋਂ ਬਿੰਬੋ ਦੇ ਤਿੰਨ ਮੁੰਡੇ ਤੇ ਇੱਕ ਕੁੜੀ ਜੰਮੇ। ਲੋਕ ਉਨ੍ਹਾਂ ਦੀਆਂ ਸ਼ਕਲਾਂ ਨੂੰ ਉਨ੍ਹਾਂ ਦੇ ਬਾਪਾਂ ਨਾਲ ਮਿਲਾਉਂਦੇ ਰਹਿੰਦੇ।

ਬਿੰਬੋ ਦਾ ਸਬਰ ਉਛੱਲ ਪਿਆ ਸੀ। ਕਿਸ਼ਨੇ ਦੇ ਘਰ ਲੜਾਈ ਦਾ ਮੁਢ ਬੱਝਿਆ ਰਹਿੰਦਾ। ਉਹਦੀ ਧੀ ਤੇ ਘਰਵਾਲੀ ਲਈ ਲੋਕਾਂ ਦੀ ਚਰਚਾ ਸਹਾਰਨੀ ਔਖੀ ਹੋ ਗਈ ਸੀ। ਉਹ ਤਾਂ ਕਿਸ਼ਨੇ ਤੋਂ ਸਦਾ ਲਈ ਕਿਨਾਰਾ ਕਰ ਗਈਆਂ। ਕਿਸ਼ਨੇ ਦੀ ਤੀਵੀਂ ਸਦਾ ਲਈ ਪਿੰਡ ਛੱਡ ਕੇ ਪੇਕੀਂ ਜਾ ਬੈਠੀ। ਉਹ ਤੋਂ ਗਰੀਬੀ ਤਾਂ ਕੱਟੀ ਜਾ ਸਕਦੀ ਸੀ। ਵਿਹਲੇ ਕਿਸ਼ਨੇ ਦੇ ਚਿੱਟੇ ਕਪੜੇ ਧੋ ਧੋ ਕੇ ਉਹ ਹਾਰ ਗਈ ਸੀ। ਉਨ੍ਹਾਂ 'ਤੇ ਲੱਗਾ ਕਲੰਕ ਲੱਥਦਾ ਹੀ ਨਹੀਂ ਸੀ। ਲੋਕਾਂ ਦਾ ਕੱਤਣ-ਤੁੰਬਣ ਕਰਕੇ ਉਹ ਰੋਟੀ ਖਾਈ ਜਾ ਰਹੀ ਸੀ। ਧੀ ਵੀ ਪਾਲੀ ਜਾ ਰਹੀ ਸੀ ਪਰ ਉਸਦੀ ਧੀ ਨੂੰ ਰਿਸ਼ਤਾ ਕਿਹਨੇ ਦੇਣਾ ਸੀ। ਲੋਕੜੀਆਂ ਦੇ ਮਿਹਣੇ ਜਰ ਨਹੀ ਸੀ ਹੁੰਦੇ ਉਸ ਤੋਂ। ਜਦੋਂ ਉਹ ਕਹਿੰਦੀਆਂ, 'ਬਿੰਬੋ ਕੋਲ ਕੀ ਜਾਦੂ ਐ ਜਿਹੜਾ ਤੇਰੇ ਕੋਲ ਨਹੀ। ਪਤਾ ਨਹੀ ਤੂੰ ਕਿੱਦਾਂ ਸਬਰ ਕਰਕੇ ਬੈਠੀ ਐਂ, ਬਿੰਬੋ ਦੀ ਜੂਠ ਤੂੰ ਕਿਵੇਂ ਖਾਈ ਜਾਂਦੀ ਐ। ਮਾਵਾਂ ਧੀਆਂ ਰਲ ਕੇ ਕਿਸੇ ਦਿਨ ਕਿਸ਼ਨੇ ਨੂੰ ਕੁਟਾਪਾ ਕਿਉਂ ਨਹੀ ਚਾੜ੍ਹ ਦਿੰਦੀਆਂ। ਤੋੜ ਦਿਓ ਉਹਦੀ ਲੱਤ ਬਾਂਹ, ਮੁੜ ਕੇ ਤੇਰੀ ਸਰਦਨ ਟੱਪਣ ਜੋਗਾ ਨਾ ਰਹੇ'। ਕਹਿਣਾ ਹੀ ਸੌਖਾ ਸੀ। ਕਿਸ਼ਨਾ ਉਨ੍ਹਾਂ ਦੇ ਸਾਮ੍ਹਣੇ ਪੈਰੀਂ ਪਾਣੀ ਨਾ ਪੈਣ ਦਿੰਦਾ। ਪਰ ਜੋ ਸਰੀਂਹ ਦਿੱਖਦਾ ਸੀ, ਜਿਸ ਨੂੰ ਸਾਰਾ ਪਿੰਡ ਜਾਣਦਾ ਸੀ ਉਹ ਨੂੰ ਕਿਵੇ ਛੁਪਾਇਆ ਜਾ ਸਕਦਾ ਸੀ।

ਕਿਸ਼ਨੇ ਦੇ ਪੋਚਿਆਂ ਦਾ ਪੜਦਾ ਇਕ ਦਿਨ ਪਾਟ ਗਿਆ। ਬੇਟ ਵਲੋਂ ਆਉਂਦਾ ਆਉਂਦਾ ਉਹ ਬਿੰਬੋ ਦਾ ਦਰਵਾਜ਼ਾ ਖੋਲ੍ਹ ਕੇ ਮਲਕ ਦੇਣੀ ਅੰਦਰ ਆ ਵੜਿਆ। ਚੌਂਕ ਦੇ ਲੋਕ ਤਾਂ ਜਿਵੇਂ ਤਾਕ ਵਿਚ ਹੀ ਬੈਠੇ ਸਨ। ਉਨ੍ਹੀਂ ਰੌਲਾ ਪਾ ਦਿੱਤਾ, "ਕਿਸ਼ਨਾ ਫੜ ਲਓ ਉਏ। ਬਿੰਬੋ ਦੇ ਅੰਦਰ ਜਾ ਵੜਿਆ"। ਲੋਕਾਂ ਨੇ ਉਹਦੇ ਖਾੜ੍ਹ-ਖਾੜ੍ਹ ਕਰਦੇ ਤੰਬੇ ਦੀ ਮਾਂਡੀ ਅੱਜ ਉਤਾਰਨ ਦੀ ਪੱਕੀ ਸੋਚੀ ਹੋਈ ਸੀ। ਉਹ ਕਿਸ਼ਨੇ ਨੂੰ ਬਿੰਬੋ ਦੇ ਘਰ ਵਿੱਚ ਐਧਰ ਓਧਰ ਲੱਭਣ ਲੱਗ ਪਏ। ਲਕੜੀ ਦੇ ਸੰਦੂਕ ਵਿੱਚੋਂ ਬਾਹਰ ਕੱਢ ਕੇ ਉਹਨੂੰ ਚੌਂਕ ਦੇ ਥੜ੍ਹੇ 'ਤੇ ਲਿਆ ਬਿਠਾਇਆ। ਉਹਨੇ ਸਿਰ ਧਰਤੀ ਵਿਚ ਦਿੱਤਾ ਹੋਇਆ ਸੀ। ਭਾਵੇਂ ਉਸਨੇ ਸਮਾਜ ਦੀ ਰਾਮ-ਕਾਰ ਨਹੀਂ ਸੀ ਉਲੰਘੀ, ਪਰ ਕਿਸੇ ਦੀ ਤੀਵੀਂ ਵੱਲ... ਇਹ ਕੀ ਘੱਟ ਜੁਰਮ

ਸੀ। ਪਰ ਕਿਸ਼ਨੇ ਅਤੇ ਬਿੰਬੋ ਦੀ ਆਪਸੀ ਖਿੱਚ ਅਤੇ ਇੱਕ ਦੂਜੇ ਨਾਲ ਲਗਾਓ ਲੋਕਾਂ ਦੀਆਂ ਅੱਖਾਂ ਵਿਚ ਐਨਾ ਰੜਕਣ ਲਗ ਪਿਆ ਸੀ ਕਿ .........।

ਫਿਰ ਇਕ ਦਿਨ ਕਿਸ਼ਨਾ ਅਤੇ ਬਿੰਬੋ ਪਿੰਡ ਨੂੰ ਅਲਵਿਦਾ ਆਖ ਗਏ। ਜੇਕਰ ਉਨ੍ਹਾਂ ਉੱਤੇ ਇਲਜ਼ਾਮ ਹੀ ਲੱਗਣਾ ਹੈ ਤਾਂ ਕਿਉਂ ਤੜਫਦੇ ਰਹਿਣਾ, ਕਿਉਂ ਲੋਕਾਂ ਕੋਲੋਂ ਲੁਕ ਲੁਕ ਕੇ ਮਿਲਣਾ। ਕਿਉਂ ਨਾ ਸਾਰੀਆਂ ਹੱਦਾਂ ਪਾਰ ਕਰ ਜਾਣ? ਕਿਉਂ ਇਕ ਦੂਜੇ ਲਈ ਧੁਖ ਧੁਖ ਕੇ ਜਲਣ। ਕਿਉਂ ਨਾ ਭਬੱਕੜ ਵਾਂਗ ਆਪਣੀ ਲਾਟ ਲਈ ਕੁਰਬਾਨ ਹੋ ਜਾਣ?

ਪਿੰਡ ਵਿਚ ਤਾਂ ਤੂਫ਼ਾਨ ਖੜ੍ਹਾ ਹੋ ਗਿਆ। ਬਿੰਬੋ ਦੇ ਨਿਆਣੇ ਜੁਆਨੀ ਵਿਚ ਪੈਰ ਰੱਖ ਰੱਖ ਰਹੇ ਸਨ। ਲੋਕ ਉਨ੍ਹਾਂ ਪਾਸੋਂ ਭਾਂਤ-ਸੁਭਾਂਤੇ ਸਵਾਲ ਪੁੱਛਣ। ਪਰ ਉਨ੍ਹਾਂ ਵਿਚਾਰਿਆਂ ਕੋਲ ਕੋਈ ਜਵਾਬ ਨਹੀਂ ਸੀ। ਉਹ ਤਾਂ ਆਪ ਮਾਂ ਬਾਹਰੇ ਹੋ ਗਏ ਸਨ। ਉਹ ਤਾਂ ਆਪ ਆਪਣੇ ਹੱਥ ਮਲਣ ਜੋਗੇ ਰਹਿ ਗਏ ਸਨ। ਉਨ੍ਹਾਂ ਨੂੰ ਤਾਂ ਆਪ ਚੌਂਕ ਵਿੱਚੋ ਸਿਰ ਨੀਵਾਂ ਕਰ ਕੇ ਲੰਘਣਾ ਪੈਂਦਾ ਸੀ। ਕੁਝ ਦਿਨ ਤਾਂ ਮੇਲੂ ਵੀ ਨੇਰ੍ਹੇ ਸਵੇਰੇ ਹੀ ਘਰ ਵੜਦਾ। ਸਾਰਾ ਦਿਨ ਖੇਤਾਂ ਵਿਚ ਆਪਣੇ ਆਪ ਨਾਲ ਗੱਲਾਂ ਕਰਦਾ ਰਹਿੰਦਾ, "ਕੋਹੜਨੇ ਤੈਨੂੰ ਦੱਸ ਕੀ ਤੰਗੀ ਸੀ। ਕਿਉਂ ਤੂੰ ਭੋਰਾ ਭਰ ਨਿਆਣਿਆਂ ਨੂੰ ਰੁਲਣ ਲਈ ਛੱਡ ਗਈ? ਚਲ ਮੈਂ ਤਾਂ ਪਿਆ ਖੂਹ 'ਚ, ਪਰ ਇਹ ਵਿਚਾਰੇ ਅੱਲ੍ਹੜ ਲੋਕਾਂ ਨੂੰ ਕੀ ਮੂੰਹ........"।

ਸਮਾਂ ਬੀਤਣ ਨਾਲ ਜ਼ਿੰਦਗੀ ਰੇੜ੍ਹੇ ਪੈ ਗਈ। ਮੁੰਡਿਆਂ ਨੇ ਸਕੂਲੋਂ ਆ ਕੇ ਮੇਲੂ ਨਾਲ ਖੇਤ-ਬੰਨੇ ਦੇ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਕੁੜੀ, ਭਰਾਵਾਂ ਦੀ ਮਦਦ ਨਾਲ ਵਿੰਗੀਆਂ ਟੇਢੀਆਂ ਰੋਟੀਆਂ ਮੜ੍ਹਨ ਜੋਗੀ ਹੋ ਗਈ। ਕੱਚੀ-ਪੱਕੀ ਦਾਲ ਸਬਜ਼ੀ ਬਨਾਉਣ ਜੋਗੀ ਮੱਤ ਉਨ੍ਹੇ ਆਂਢ-ਗੁਆਂਢ ਦੀਆਂ ਚਾਚੀਆਂ-ਤਾਈਆਂ ਲਗਦੀਆਂ ਜਨਾਨੀਆਂ ਪਾਸੋਂ ਸਿੱਖ ਲਈ। ਉਹ ਘਰ ਦਾ ਮਾੜਾ ਮੋਟਾ ਕੰਮ ਕਰਕੇ ਸਾਰਾ ਦਿਨ ਦੁੜੰਗੇ ਲਾਉਂਦੀ ਘਰ ਘਰ ਘੁੰਮਦੀ ਰਹਿੰਦੀ। ਸਿਰ ਵਾਹਿਆ, ਨਾ ਵਾਹਿਆਂ ਤਾਂ ਨਾ ਸਹੀ। ਭਰਾ ਕਦੀ ਕਦੀ ਉਹਨੂੰ ਡਾਂਟਦੇ। ਪਰ ਪਤਾ ਨਹੀ ਉਨ੍ਹਾਂ ਨੂੰ ਵੀ ਉਹ ਕੀ ਕੁਝ ਬੋਲ ਜਾਂਦੀ। ਭਰਾਵਾਂ ਦੇ ਵੀ ਕੁਝ ਕੁਝ ਚਾਲੇ ਵਿਹੜਨੇ ਸ਼ੁਰੂ ਹੋ ਗਏ। ਉਹ ਮੇਲੂ ਕੋਲ ਘਟ ਜਾਂਦੇ, ਰਾਹ ਵਿਚ ਹੀਸਾਂ ਦੀਆਂ ਝਾੜੀਆਂ ਉਹਲੇ ਲੁਕ ਕੇ ਬੈਠ ਜਾਦੇ। ਨਿਆਈਆਂ ਦੇ ਖੇਤਾਂ ਵਿਚ ਬਾਹਰ-ਅੰਦਰ ਜਾਂਦੀਆਂ ਤੀਵੀਆਂ ਕਚੀਰਾ ਕਰਦੀਆਂ "ਸਿਰ ਤੇ ਨਹੀ ਕੁੰਡਾ, ਹਾਥੀ ਫਿਰੇ ਲੁੰਡਾ। ਬਿੰਬੋ ਆਲੇ ਰਾਹ ਉਹਦੀ ਔਲਾਦ ਵੀ ਤੁਰਨ ਲੱਗ ਪਈ ਆ।ਮੁੱਢਾਂ 'ਤੇ ਈ ਡਾਹਲੇ ਜਾਣੇ ਆ। ਮੇਲੂ ਨੂੰ ਤਾਂ ਦੀਨ ਦੁਨੀਆ ਦਾ ਪਤਾ ਈ ਕੁਸ਼ ਨੀ। ਉਹਨੂੰ ਤਾਂ ਬੌਲਦਾਂ ਦੀਆਂ ਪੂਛਾਂ ਈ ਮਰੋੜਨੀਆਂ ਆਉਦੀਆਂ। ਜੇ ਉਹਦੇ 'ਚ ਦੁਨੀਆਦਾਰੀ ਦੀ ਚੁਸਤੀ ਹੁੰਦੀ ਤਾਂ ਤੀਵੀ ਨਾ ਸੰਭਾਲ ਲੈਂਦਾ"।

ਮੁੰਡੇ ਜੁਆਨ ਹੋ ਗਏ। ਕੰਮ ਕੋਈ ਆਵੇ ਨਾ। ਖੇਤੀ ਵਿਚ ਚਿੱਤ ਨਾ ਲਾਉਣ। ਪਹਿਨਣੀ ਓਢਣੀ ਸ਼ਹਿਰੀਆਂ ਵਾਲੀ। ਮੇਲੂ ਨੂੰ ਪਤਿਆ ਕੇ ਜ਼ਮੀਨ ਦਾ ਵਾਢਾ ਧਰ ਲਿਆ। ਪੰਦਰਾਂ-ਵੀਹ ਕਿੱਲੇ ਜ਼ਮੀਨ ਦਿਸਦੀ ਸੀ। ਬਸ ਐਸ਼ ਕਰੋ, ਮੌਜਾ ਓੜਾਓ, ਇਹੀ ਉਨ੍ਹਾਂ ਦਾ ਸ਼ੌਕ ਬਣ ਗਿਆ ਸੀ। ਵਿਹਲੇ ਬੈਠ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਦੇ ਆ। ਕੁਝ ਸਾਲਾਂ ਵਿਚ ਜ਼ਮੀਨ ਵੇਚ ਵੇਚ ਕੇ ਵੱਡੇ ਦੋ ਮੁੰਡਿਆਂ ਨੇ ਸ਼ਹਿਰ ਦੀਆ ਦੋ ਸ਼ੌਕੀਨ ਕੁੜੀਆਂ ਨਾਲ ਵਿਆਹ ਕਰਵਾ ਲਏ।ਨਤੀਜਾ ਬਾਹਰ ਕਿੱਤੇ ਕਿਸੇ ਹੋਰ ਸ਼ਹਿਰ ਜਾ ਕੇ ਨੌਕਰ ਲੱਗ ਗਿਆ। ਸ਼ਹਿਰਨਾਂ ਭਾਬੀਆਂ ਨੇ ਆਪਣੀ ਨਣਦ ਨੂੰ ਵੀ ਸੰਵਰ ਕੇ ਰਹਿਣ ਦੀ ਜਾਂਚ ਸਿਖਾ ਦਿੱਤੀ। ਉਹ ਵੀ ਹੁਣ ਜਿੱਧਰ ਦੀ ਲੰਘਦੀ ਲੋਕ ਮੂੰਹ ਵਿੱਚ ਉਂਗਲਾ ਪਾਉਂਦੇ।

ਕੁੜੀ ਨੂੰ ਰੂਪ ਕਹਿਰ ਦਾ ਚੜ੍ਹਿਆ ਸੀ। ਪਰ ਉਹ ਦੀ ਜੁਆਨੀ ਨੂੰ ਗ੍ਰਹਿਸਥ ਵਿਚ ਬੰਨ੍ਹਣ ਦਾ ਕਿਸੇ ਨੂੰ ਫ਼ਿਕਰ ਨਹੀ ਸੀ। ਹੌਲੀ ਹੌਲੀ ਮੇਲੂ ਦੇ ਪੰਦਰਾਂ ਕਿੱਲਿਆਂ ਵਾਲਾ ਖੂਹ ਵੱਢ ਖਾਣਿਆਂ ਦੀ ਮੋਟਰ ਸਦਵਾਉਣ ਲੱਗ ਪਿਆ। ਮੇਲੂ ਦਾ ਸਭ ਕੁਝ ਲੁੱਟ ਗਿਆ। ਉਹ ਵਾੜੇ ਵਿਚ ਲੰਮਾ ਪਿਆ ਛੱਤ ਦੀਆਂ ਕੜੀਆਂ ਗਿਣਦਾ ਰਹਿੰਦਾ। ਜ਼ਮੀਨ ਚਟਮ ਕਰਕੇ ਵੱਡੇ ਸ਼ੁਕੀਨ ਪੁੱਤ ਤਾਂ ਆਂਪਣੀਆਂ ਘਰ ਵਾਲੀਆਂ ਨਾਲ ਸ਼ਹਿਰੀਂ ਜਾ ਵਸੇ ਅਤੇ ਦਿਹਾੜੀਆਂ ਕਰਕੇ ਆਪਣੇ ਆਪਣੇ ਟੱਬਰ ਪਾਲਣ ਲੱਗੇ।

ਭੈਣ ਦਾ ਫ਼ਿਕਰ ਸਿਰਫ਼ ਨੌਕਰੀ ਵਾਲੇ ਭਰਾ ਦੇ ਸਿਰ ਆ ਪਿਆ। ਉਹਦੇ ਹਮਜੋਲੀ ਪਿੰਡ ਦਾ ਸਾਰਾ ਹਾਲ ਚਿਠੀਆਂ ਰਾਹੀਂ ਉਹਨੂੰ ਲਿਖਦੇ ਰਹਿੰਦੇ। ਇਕ ਦਿਨ ਉਹ ਛੁੱਟੀ ਆਇਆ। ਉਹਦੇ ਨਾਲ ਉਹਦਾ ਇਕ ਸਾਥੀ ਆਇਆ। ਉਹ ਕੁੜੀ ਨੂੰ ਪਸੰਦ ਕਰ ਗਿਆ। ਨੌਕਰੀ ਵਾਲੇ ਭਰਾ ਨੇ ਪੰਜ ਬੰਦੇ ਸੱਦ ਕੇ ਕੁੜੀ ਸਹੁਰੀਂ ਤੋਰ ਦਿੱਤੀ। ਕੁੜੀ ਦੇ ਭਾਗ ਖੁੱਲ੍ਹੇ, ਕਿਸੇ ਤਰ੍ਹਾਂ ਉਹ ਅਮਰੀਕਾ ਜਾ ਵਸੀ। ਸਾਰਾ ਟੱਬਰ ਉਧੱਰ ਹੀ ਲੈ ਗਈ। ਹੁਣ ਉਹ ਕਦੀ ਕਦੀ ਆਉਂਦੀ ਹੈ।

ਹੁਣ ਉਹ, 'ਉਹ ਕੁੜੀ' ਨਹੀਂ ਜਿਸ ਦੇ ਨਾਲ ਕੋਈ ਪਿੰਡ ਦਾ ਘਰ ਆਪਣੀਆਂ ਧੀਆਂ ਨੂੰ ਖੜ੍ਹਨ ਬੈਠਣ ਨਹੀਂ ਸੀ ਦਿੰਦਾ। ਉਹ ਬਦਨਾਮ ਮਾਂ ਦੀ ਧੀ। ਜਿਸ ਨੂੰ ਮਾਂ ਕਰਕੇ ਆਟੇ ਨਾਲ ਪਲੇਥਣ ਲੱਗਾ ਸੀ। ਹੁਣ ਉਹ ਪਿੰਡ ਦੀ ਧੀ ਹੈ। ਹੁਣ ਉਹ ਜਦ ਸ਼ਹਿਰ ਦੇ ਕਿਸੇ ਹੋਟਲ ਵਿਚ ਆਪਣੀ ਕਿਸੇ ਧੀ ਜਾਂ ਪੁੱਤ ਦੇ ਵਿਆਹ ਵਿਚ ਪੇਕੇ ਵਾਲਿਆਂ ਨੂੰ ਬੁਲਾਉਂਦੀ ਹੈ ਤਾਂ ਪਿੰਡ ਦੇ 'ਮੁਹਤਬਰ' ਉਸ ਪਿੰਡ ਦੀ ਧੀ ਦੇ ਬੱਚਿਆਂ ਦੇ ਵਿਆਹ ਵਿਚ ਜਾਣਾ ਆਪਣਾ ਮਾਣ ਸਮਝਦੇ ਹਨ। ਪਿੰਡ ਦੀ ਧੀ ਜੋ ਹੋਈ।

❈ ❈ ❈ ❈ ❈

......ਸਫ਼ਾ 23 ਦੀ ਬਾਕੀ

ਸੁਥਰਾ ਰਾਜ ਪ੍ਰਬੰਧ ਦੇਣ ਦੇ। ਗਰੀਬਾਂ ਨੂੰ ਗਰੀਬੀ ਦੀ ਰੇਖਾ ਤੋਂ ਉੱਤੇ ਚੁਕਣ ਦੇ। ਪੰਜਾਬ ਨੂੰ ਬਰਮਿੰਘਮ ਤੇ ਮਾਨਚੈਸਟਰ ਬਨਾਉਣ ਦੇ। ਪਰ ਨਹੀਂ, ਇਹ ਹੁਕਮ ਸੀ ਰਾਜ ਪ੍ਰਬੰਧਕੀ। ਉਹ ਵੀ ਸ੍ਰ: ਪ੍ਰਤਾਪ ਸਿੰਘ ਕੈਰੋਂ ਦੇ ਜਲਾਲ ਦਾ।

ਤਿੰਨ ਦਿਨਾਂ ਮਗਰੋਂ ਹੁਕਮ ਸਾਡੇ ਹੱਥਾਂ ਵਿੱਚ ਸਨ।

## ਅੱਜ ਦਾ ਮਨੁੱਖ ਅਤੇ ਕੁਦਰਤੀ ਸੰਸਾਰ ਦੀ ਤਬਾਹੀ

ਵਿਜੈ ਬੰਬੇਲੀ

ਮਨੁੱਖੀ ਇਤਿਹਾਸ ਸਿਰਫ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਹੀ ਨਹੀ, ਕੁਦਰਤੀ ਰਹੱਸਾਂ ਨੂੰ ਸਮਝਣ ਦੀ ਤਾਂਘ ਅਤੇ ਵਿਗਿਆਨ ਦਾ ਇਤਿਹਾਸ ਵੀ ਹੈ। ਮਨੁੱਖ ਨੇ ਇਹ ਸਫ਼ਰ ਲੰਮੇ ਸਮੇਂ ਵਿੱਚ ਤੈਅ ਕੀਤਾ ਹੈ। ਵਿਗਿਆਨ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਸਮੁੱਚ ਬਾਰੇ ਸੋਚ ਸਕਦਾ ਹੈ। ਪਰ ਵਿਗਿਆਨ ਦੀ ਸੁਚੱਜੀ ਅਤੇ ਲੋਕ-ਹਿੱਤੂ ਵਰਤੋਂ ਦੀ ਬਜਾਇ ਇਸ ਦੀ ਦੁਰਵਰਤੋਂ ਨੇ ਕੁਦਰਤੀ ਸਮਤੋਲ ਸਮੇਤ ਮਨੁੱਖੀ ਹੋਂਦ ਲਈ ਖ਼ਤਰੇ ਖੜ੍ਹੇ ਕਰ ਦਿੱਤੇ ਹਨ। ਅੱਜ ਮਨੁੱਖ ਦਾ ਇੱਕੋ ਨਿਸ਼ਾਨਾ ਕੁਦਰਤ ਉੱਪਰ ਕਾਠੀ ਪਾਉਣਾ ਬਣ ਗਿਆ ਹੈ। ਇਸ ਦੇ ਅਜਿਹੇ 'ਆਧੁਨਿਕ' ਤੌਰ-ਤਰੀਕਿਆਂ ਨੇ ਕੁਦਰਤੀ ਸੰਸਾਰ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਸਿੱਟੇ ਵਜੋਂ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਇਸ ਦੀ ਮੁੜ ਭਰਪਾਈ ਨਾ ਹੋਣ ਕਾਰਨ ਕਈ ਕਿਸਮ ਦੇ ਸੰਕਟ ਸਾਹਮਣੇ ਆ ਰਹੇ ਹਨ।

ਆਲਮੀ ਤਪਸ਼ (ਗਲੋਬਲ ਵਾਰਮਿੰਗ) ਵਿੱਚ ਵਾਧਾ ਰੁੱਤ ਵਿਗਾੜ ਦਾ ਕਾਰਨ ਬਣ ਰਿਹਾ ਹੈ। ਮੀਂਹ ਗੜਬੜਾ ਗਏ ਹਨ। ਪਾਣੀ ਪਤਾਲ ਜਾ ਵੜਿਆ ਹੈ। ਰੇਗਿਸਤਾਨ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਹੈ। ਧਰਤੀ ਅੰਦਰ ਹੋਛੀ ਕੰਪਨ, ਵਰਫ਼ੀਲੇ ਅਤੇ ਸਮੁੰਦਰੀ ਤੂਫ਼ਾਨ ਹਨ। ਮਿੱਟੀ ਤੇ ਪਾਣੀ ਜ਼ਹਿਰੀਲੇ ਹੋ ਰਹੇ ਹਨ। ਨਵੀਆਂ-ਨਿਵੇਕਲੀਆਂ ਬਿਮਾਰੀਆਂ ਅਤੇ ਮੌਸਮੀ ਵਿਗਾੜਾਂ ਨੇ ਜੀਵ ਜਗਤ ਅਤੇ ਕੁਦਰਤੀ ਸਾਵੇਂਪਨ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ ਹੈ। 2001 ਵਿੱਚ ਐਂਟਾਰਕਟਿਕਾ ਦਾ 1200 ਵਰਗ ਮੀਲ ਬਰਫੀਲਾ ਟਾਪੂ ਦੇਖਦੇ ਪੰਘਰ ਗਿਆ ਸੀ।

ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਅੱਠ ਮੀਟਰ ਪਿੱਛੇ ਖਿਸਕਾ ਦੇਣ ਅਤੇ 1972 ਦੇ ਬਾਅਦ ਵੈਨੇਜ਼ੂਏਲਾ ਸਥਿਤ ਛੇ ਹਿਮ ਸਿਖਰਾਂ ਵਿੱਚੋ ਚਾਰ ਨੂੰ ਪੂਰੀ ਤਰ੍ਹਾਂ ਗਾਇਬ ਕਰ ਦੇਣ ਪਿੱਛੋ ਵੀ ਬੇਲਗਾਮ ਪ੍ਰਦੂਸ਼ਣ ਅਤੇ ਆਲਮੀ ਤਪਸ਼ ਦਾ ਹੀ ਹੱਥ ਸੀ। ਜੇ ਦਰ ਇਹੋ ਰਹੀ ਤਾਂ 2050 ਤੱਕ ਤਾਪਮਾਨ ਵਿੱਚ 4 ਤੋਂ 6 ਡਿਗਰੀ ਦਾ ਵਾਧਾ ਹੀ ਭਾਰੀ ਹੜ੍ਹਾਂ, ਫਿਰ ਸੋਕੇ ਦਾ ਕਾਰਕ ਬਣ ਜਾਵੇਗਾ। ਸਾਡਾ ਆਪਣਾ ਬਹੁਰੁੱਤਾਂ ਵਾਲਾ ਭਾਰਤ ਦੋ ਰੁੱਤਾਂ- ਨਮੀ ਯੁਕਤ ਗਰਮੀ, ਬਰਫ਼ ਯੁਕਤ ਸਰਦੀ ਅਤੇ ਤਿੱਖੇ ਜਲ ਸਕੰਟ ਵੱਲ ਵਧ ਰਿਹਾ ਹੈ। ਇਉਂ ਸਾਨੂੰ ਸਭ ਕੁਝ ਬਦਲਣਾ ਪੈ ਜਾਵੇਗਾ: ਫਸਲਾਂ, ਰਹਿਣ-ਸਹਿਣ, ਪਹਿਨਣ-ਪਚਰਨ, ਖਾਣ-ਪੀਣ ਅਤੇ ਮਹਿਲ-ਮੁਨਾਰੇ ਵੀ।

ਨਦੀਆਂ ਦੇ ਜਨਮ ਦਾਤੇ, ਬਰਫ਼ੀਲੇ ਪਹਾੜ ਅਤੇ ਗਲੇਸ਼ੀਅਰ ਹਨ ਜਾਂ ਫਿਰ ਜੰਗਲ। ਹੱਥੀਂ ਸਹੇੜੀ ਜਾ ਰਹੀ ਮਾਰੂ ਤਪਸ਼ ਨੇ ਬਰਫ਼ਾਂ ਪਿਘਲਾ ਕੇ ਪਹਿਲਾਂ ਦਰਿਆ ਉਛਾਲ ਦੇਣੇ ਹਨ, ਮਗਰੋਂ ਸਾਡੀਆਂ ਨਦੀਆਂ ਸੁੱਕ ਜਾਣਗੀਆਂ। ਸਮੁੰਦਰ ਨੇ ਲਾਗਲੀਆਂ ਜ਼ਮੀਨਾਂ ਅਤੇ ਬਸਤੀਆਂ ਨੂੰ ਨਿਗਲ ਜਾਣਾ ਹੈ। ਅਸੀਂ ਜਲ ਸੋਮੇ ਵੀ ਤਹਿਸ-ਨਹਿਸ ਕਰਨ ਤੁਰੇ ਹੋਏ ਹਾਂ। ਜ਼ਰਖੇਜ਼, ਸੁਥਰੇ ਅਤੇ ਲਬਾਲਬ ਜਲ ਸੋਮੇ ਵੀ ਮੌਸਮਾਂ ਨੂੰ ਸਾਵਾਂ ਰੱਖਣ ਵਿੱਚ ਸਿਫ਼ਤੀ ਹਿੱਸਾ ਪਾਉਂਦੇ ਹਨ। ਸ਼ਾਇਦ ਅਸੀਂ ਇਹ ਵੀ ਨਹੀ ਜਾਣਦੇ ਕਿ ਧਰਤੀ ਹੇਠਲਾ ਪਾਣੀ ਵੀ ਧਰਤੀ ਦੀ ਤਪਸ਼ ਨੂੰ ਕੰਟਰੋਲ ਕਰਦਾ ਹੈ।

ਜੰਗਲ ਉਜਾੜਾ ਵੀ ਸਾਨੂੰ ਲੈ ਬੈਠੇਗਾ। ਰੁੱਖ, ਆਕਸੀਜਨ ਅਤੇ ਮਿੱਟੀ ਘੜਨ ਵਾਲੇ ਕਾਰਖਾਨੇ ਹਨ। ਇਹ ਮਿੱਟੀ ਰੁੜ੍ਹਨ ਨਹੀ ਦਿੰਦੇ। ਇਹ ਊਰਜਾ ਦੇ ਸਰੋਤ ਹਨ, ਅਥਾਹ ਭੋਜਨ ਪਦਾਰਥ ਦਿੰਦੇ ਹਨ। ਇਹ ਚਕਿਤਸਿਕ ਜੜੀ-ਬੂਟੀਆਂ ਦੇ ਭੰਡਾਰ ਹਨ ਅਤੇ ਕੰਦ-ਮੂਲ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ ਲਗਭਗ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮਲੱੜ੍ਹ (ਪੱਤ-ਖਾਦ) ਬਖਸ਼ ਕੇ ਧਰਤੀ ਨੂੰ ਠੰਢਾ, ਪੋਲਾ, ਮਿੱਤਰ-ਕੀਟ ਯੁਕਤ ਅਤੇ ਜ਼ਰਖੇਜ਼ ਬਣਾਉਂਦੇ ਹਨ। ਇਹ ਜ਼ਹਿਰਾਂ ਚੂਸਦੇਂ ਹਨ, ਧਰਾਤਲ ਤੇ ਖਲਾਅ ਨੂੰ ਨਮ-ਠੰਢਕ ਬਖਸ਼ਦੇ ਹਨ ਅਤੇ ਖੇਤਰ ਦੇ ਮੌਸਮ ਨੂੰ ਸਾਵਾਂ ਰੱਖਦੇ ਹਨ। ਕੀ ਸਾਨੂੰ ਪਤਾ ਕਿ ਮਾਰੂਥਲ ਦੀ ਨਿੱਕੀ ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ ਜਿਹੜੀ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ ਵਿੱਚ ਆਪਣਾ ਰੋਲ ਨਿਭਾਉਂਦੀ ਹੈ। ਜੰਗਲ, ਮੀਂਹ ਲਿਆਉਂਦੇ ਹਨ, ਮੀਂਹ ਹੀ ਪਾਣੀ ਦਾ ਮੁਢਲਾ ਸੋਮਾ ਹੈ। ਔੜ ਅਤੇ ਹੜ੍ਹ, ਦੋਵਾਂ ਹਾਲਤ ਵਿੱਚ ਜੰਗਲ ਸਾਡੇ ਲਈ ਵਰਦਾਨ ਹਨ। ਜੰਗਲਾਂ ਦਾ ਇਕ ਵਰਗ ਕਿਲੋਮੀਟਰ ਰਕਬਾ 50 ਹਜ਼ਾਰ ਘਣਮੀਟਰ ਪਾਣੀ ਆਪਣੀਆਂ ਜੜ੍ਹਾਂ ਰਾਹੀ ਸਾਡੇ ਲਈ ਸੰਭਾਲ ਦਿੰਦਾ ਹੈ।

ਜੰਗਲਾਂ ਦੀ ਬਰਬਾਦੀ ਅਤੇ ਧਰਤੀ ਹੇਠੋਂ ਜਲ ਅੰਧਾਧੁੰਦ ਕੱਢਣ ਨਾਲ ਸਿਰਫ਼ ਜਲ ਸੰਕਟ ਹੀ ਨਹੀਂ ਉਪਜਣਾ, ਜੇ ਇਸ ਦੀ ਭਰਪਾਈ ਨਾ ਹੋਈ ਤਾਂ ਜਲ-ਅਣਹੋਂਦ ਨਾਲ ਧਰਤੀ ਹੇਠ ਪੈਦਾ ਹੋਏ ਖਲਾਅ ਨਾਲ ਨੇੜ ਭਵਿੱਖ ਵਿੱਚ ਧਰਤੀ ਗਰਕਣੀ ਸ਼ੁਰੂ ਹੋ ਸਕਦੀ ਹੈ। ਧਰਤ ਹੇਠਲਾ ਜਲ ਸਮਤੋਲ ਭੂਚਾਲਾਂ ਨੂੰ ਵੀ ਮਨਫੀ ਕਰਦਾ ਹੈ ਕਿਉਂਕਿ ਜ਼ਮੀਨੀ ਵਿਰਲਾਂ (ਅੰਦਰੂਨੀ ਪਲੇਟਾਂ) ਦੀ ਖਾਲੀ ਜਗ੍ਹਾ ਇਸ ਨੇ ਪੂਰ ਰੱਖੀ ਹੰਦੀ ਹੈ। ਗੁਜਰਾਤ ਵਿਚ 'ਆਧੁਨਿਕ/ਘਣੀ ਖੇਤੀ' ਕਾਰਨ ਦੋ ਅਲਾਮਤਾਂ ਸਾਹਮਣੇ ਆਈਆਂ ਹਨ: ਇਕ, ਕੱਛ ਖੇਤਰ (ਸਮੁੰਦਰੀ ਸਾਹਿਲ) ਵਿਚ ਇਸ ਖਲਾਅ ਦੀ ਥਾਂ ਸਮੁੰਦਰੀ ਜਲ-ਰਿਸਾਓ ਨੇ ਲੈ ਲਈ। ਸਿੱਟੇ ਵਜੋਂ ਵਾਸ਼ਪੀਕਰਨ ਨਾਲ ਜ਼ਮੀਨੀ ਮੁਸਾਮਾਂ ਰਾਹੀ ਲੂਣੇ ਪਦਾਰਥ ਉਪਰ ਆ ਕੇ ਧਰਤੀ ਨੂੰ ਰੁੰਡ ਮਰੁੰਡ ਕਰਨ ਲੱਗੇ; ਦੂਜੀ, ਕੁਝ ਦੁਰੇਡੀਆਂ ਥਾਵਾਂ 'ਤੇ ਜ਼ਮੀਨ ਧਸਣ ਦੇ ਮਾਮਲੇ ਸਾਹਮਣੇ ਆਏ ਹਨ।

ਬਾਕੀ ਸਫ਼ਾ 33 'ਤੇ........

# ਮੁਫ਼ਤਖੋਰੀ ਦਾ ਸਮਾਜ 'ਤੇ ਬਹੁ-ਪਰਤੀ ਪ੍ਰਭਾਵ

ਡਾ. ਸੁਖਦੇਵ ਸਿੰਘ

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਰਾਜਨੀਤਕ ਪਾਰਟੀਆਂ ਸੱਤਾ ਪਾਉਣਾ ਹਿੱਤ ਲੁਭਾਉਣੇ ਵਾਅਦੇ ਕਰ ਰਹੀਆਂ ਹਨ। ਉਹ ਕਹਿੰਦੀਆਂ ਹਨ ਕਿ ਜੇ ਲੋਕ ਉਨ੍ਹਾਂ ਨੂੰ ਵੋਟਾਂ ਪਾ ਕੇ ਜੇਤੂ ਬਣਾਉਣਗੇ ਤਾਂ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਸਿੱਖਿਆ, ਗੈਸ ਸਿਲੰਡਰ, ਔਰਤਾਂ ਨੂੰ ਮੁਫ਼ਤ ਬੱਸ ਸਫ਼ਰ, ਮੈਡੀਕਲ ਸਹੂਲਤਾਂ, ਮੁਫ਼ਤ ਆਟਾ-ਦਾਲ ਆਦਿ ਮੁਹੱਈਆ ਕਰਵਾਉਣਗੇ। ਜਿੱਥੇ ਕੇਂਦਰ ਨੇ ਕਈ ਹੋਰ ਸਕੀਮਾਂ ਸਮੇਤ 80 ਕਰੋੜ ਦੇਸ਼ ਵਾਸੀਆਂ ਨੂੰ ਆਉਣ ਵਾਲੇ ਪੰਜ ਸਾਲਾਂ ਤੱਕ ਹੋਰ ਮੁਫ਼ਤ ਰਾਸ਼ਨ ਦੇਣ ਦਾ ਵਾਅਦਾ ਕੀਤਾ ਹੈ ਉੱਥੇ ਪੰਜਾਬ ਸਰਕਾਰ ਨੇ ਵੀ ਬਹੁਤ ਸਾਰੇ ਲੋਕਾਂ ਨੂੰ ਘਰ ਘਰ ਜਾ ਕੇ ਮੁਫ਼ਤ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਹੈ ਜਦਕਿ ਕਈ ਮੁਫ਼ਤ ਸਕੀਮਾਂ ਪਹਿਲਾਂ ਹੀ ਚੱਲ ਰਹੀਆਂ ਹਨ।

ਪਹਿਲੀ ਨਜ਼ਰੇ ਅਜਿਹੇ ਲੋਕਭਲਾਈ ਵਾਅਦੇ ਆਕਰਸ਼ਕ ਤੇ ਮਨੁੱਖਵਾਦੀ ਲਗਦੇ ਹਨ। ਕੀ ਅਜਿਹੇ ਵਾਅਦੇ ਹਮੇਸ਼ਾਂ ਸਮਾਜ ਹਿਤ ਵਿੱਚ ਹੁੰਦੇ ਹਨ? ਕੀ ਮੁਫ਼ਤਖੋਰੀ ਸਮਾਜ ਨੂੰ ਨਿੱਘਰ ਬਣਾਉਂਦੀ ਹੈ ਜਾਂ ਖੋਖਲਾ? ਕੀ ਅਜਿਹੀਆਂ ਸਹੂਲਤਾਂ ਮਾਣ ਕੇ ਲੋਕ ਉਨ੍ਹਾਂ ਨੂੰ ਸੱਚ ਵਿੱਚ ਚੁਣਦੇ ਹਨ? ਅਜਿਹੇ ਕੁੱਝ ਸਵਾਲ ਸੋਚਸ਼ੀਲ ਵਿਅਕਤੀ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ।

ਕਿਸੇ ਵੀ ਵਿਅਕਤੀ, ਘਰ, ਸ਼ਹਿਰ, ਸਮਾਜ ਤੇ ਦੇਸ਼ ਦਾ ਜੀਵਨ ਤਾਂ ਹੀ ਠੀਕ ਢੰਗ ਨਾਲ ਚਲ ਸਕਦਾ ਹੈ ਜੇਕਰ ਆਪਣੀ ਕਮਾਈ ਵਸੀਲਿਆਂ ਤੇ ਖ਼ਰਚਿਆਂ ਦਾ ਸੰਤੁਲਨ ਬਣਾ ਕੇ ਚੱਲਿਆ ਜਾਵੇ। ਇਹ ਸੱਚ ਹੈ ਕਿ ਜ਼ਿੰਮੇਵਾਰੀਰਹਿਤ ਵਿੱਤੀ ਵਿਹਾਰ ਅਕਸਰ ਘਰਾਂ, ਸਮਾਜ ਤੇ ਦੇਸ਼ਾਂ ਨੂੰ ਆਰਥਿਕ ਸੰਕਟਾਂ ਵਿੱਚ ਫਸਾ ਦਿੰਦਾ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਮੁਤਾਬਿਕ ਭਾਰਤ 'ਤੇ 205 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜਿਹੜਾ ਦੇਸ਼ ਦੇ ਕੁਲ ਘਰੇਲੂ ਉਤਪਾਦਨ ਦੇ ਨੇੜੇ ਤੱਕ ਹੈ। ਇਸੇ ਤਰ੍ਹਾਂ ਪੰਜਾਬ 3 ਲੱਖ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਈ ਹੈ ਅਤੇ ਇਸ ਨੂੰ ਪੁਰਾਣੇ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਲਈ ਵੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਵਿੱਤੀ ਵਸੀਲਿਆਂ ਵਿੱਚ ਵੀ ਕੋਈ ਸ਼ਲਾਘਾਯੋਗ ਵਾਧਾ ਨਹੀਂ ਹੋ ਰਿਹਾ। ਆਰਥਿਕ, ਸਮਾਜਿਕ ਤੇ ਹੋਰ ਮੁੱਦਿਆਂ ਪੱਖੋਂ ਸਮੇਂ ਸਮੇਂ 'ਤੇ ਜਾਰੀ ਹੋ ਰਹੀਆਂ ਅੰਤਰਰਾਸ਼ਟਰੀ ਰਿਪੋਰਟਾਂ ਦੀ ਦਰਜ਼ਾਬੰਦੀ ਵਿੱਚ ਭਾਰਤ ਦਾ ਸਥਾਨ ਨਿਰਾਸ਼ਾਜਨਕ ਪੱਧਰ 'ਤੇ ਆਉਂਦਾ ਹੈ। 2021-22 ਦੀ ਸੰਸਾਰ ਪੱਧਰੀ ਮਨੁੱਖੀ ਵਿਕਾਸ ਰਿਪੋਰਟ ਮੁਤਾਬਿਕ ਭਾਰਤ 191 ਮੁਲਕਾਂ ਵਿੱਚੋ 132ਵੇਂ ਸਥਾਨ 'ਤੇ ਹੈ। ਵਿਸ਼ਵ ਪ੍ਰਸੰਨਤਾ ਰੁਤਬੇ ਪੱਖੋ ਭਾਰਤ ਦਾ 146 ਮੁਲਕਾਂ ਵਿੱਚੋ 126ਵਾਂ ਸਥਾਨ ਹੈ। ਪੰਜਾਬ, ਜੋ 1980-82 ਤੱਕ ਭਾਰਤ ਵਿੱਚ ਵਿਕਾਸ ਪੱਖੋਂ ਮੋਹਰੀ ਰਾਜ ਸੀ ਅੱਜ ਇਹ ਰਾਜਾਂ ਦੀ ਦਰਜ਼ਾਬੰਦੀ ਵਿੱਚ 16ਵੇਂ ਸਥਾਨ 'ਤੇ ਆਉਂਦਾ ਹੈ। ਅਜਿਹੀ ਮਾੜੀ ਵਿੱਤੀ ਹਾਲਤ ਨੂੰ ਦੇਖਦਿਆਂ ਠੀਕ ਨਹੀਂ ਲਗਦਾ ਕਿ ਮੁਫ਼ਤਖੋਰੀ ਨੂੰ ਉਤਸ਼ਾਹਿਤ ਕੀਤਾ ਜਾਵੇ। ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਤਾਂ ਮੁਫ਼ਤ ਦੀਆਂ ਖ਼ੈਰਾਤਾਂ ਮੰਗਦੇ ਵੀ ਨਹੀ, ਫਿਰ ਵੀ ਸਰਕਾਰਾਂ ਅੰਕੜੇ ਦਿਖਾਉਂਦੀਆਂ ਹਨ ਕਿ ਇਸ ਸਾਲ ਵੱਧ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਮਾਣ ਇਸ ਗੱਲ ਦਾ ਨਹੀ ਕਿ ਕਿੰਨੇ ਲੋਕਾਂ ਨੂੰ ਆਰਥਿਕ ਤੱਰਕੀ ਕਰ ਕੇ ਗਰੀਬੀ ਵਿੱਚੋਂ ਕੱਢਿਆ ਬਲਕਿ ਕਿੰਨੇ ਲੋੜਵੰਦ ਵੱਧ ਰਹੇ ਹਨ ਜਾਂ ਵਧਾ ਰਹੇ ਹਾਂ।

ਸਾਡਾ ਮੁਲਕ ਵਿਕਾਸਸ਼ੀਲ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਭਾਰਤੀ ਸਮਾਜ ਦੀ ਬਣਤਰ ਸੰਸਾਰ ਵਿੱਚ ਵਿਲੱਖਣ ਹੈ ਜਿਸ ਤਹਿਤ ਅਲੱਗ ਅਲੱਗ ਵਰਗ ਹਨ ਜਿਨ੍ਹਾਂ ਵਿੱਚੋ ਕਈ ਤਬਕੇ ਤਾਂ ਸਦੀਆਂ ਤੋਂ ਸਮਾਜਿਕ ਤੇ ਆਰਥਿਕ ਗਰੀਬੀ ਹੰਢਾ ਰਹੇ ਹਨ ਅਤੇ ਉਨ੍ਹਾਂ ਦੇ ਵਿਕਾਸ ਦੀ ਵਿਸ਼ੇਸ਼ ਜ਼ਰੂਰਤ ਸੀ ਤੇ ਹੁਣ ਵੀ ਹੈ। ਜਦੋਂ ਭਾਰਤ ਨੇ ਆਜ਼ਾਦੀ ਹਾਸਲ ਕੀਤੀ ਤਾਂ ਮੁਢੱਲੀਆਂ ਸਰਕਾਰਾਂ ਨੇ ਦੇਸ਼ ਦੇ ਵੱਖ ਵੱਖ ਵਰਗਾਂ ਦੇ ਗਰੀਬਾਂ ਤੇ ਹੋਰ ਲੋੜਵੰਦਾਂ ਦੇ ਜੀਵਨ-ਸੁਧਾਰ ਹਿੱਤ ਵੱਖ ਵੱਖ ਪ੍ਰੋਗਰਾਮ ਉਲੀਕ ਕੇ ਸਹਾਇਤਾ ਤੇ ਸਬਸਿਡੀਆਂ ਦੇਣੀਆਂ ਸ਼ੁਰੂ ਕੀਤੀਆਂ। ਜਨਤਕ ਵੰਡ ਪ੍ਰਣਾਲੀ ਅਧੀਨ ਲਗਭਗ ਸਭ ਲਈ ਰਾਸ਼ਨ ਕਾਰਡ ਆਧਾਰਿਤ ਅਨਾਜ ਵੰਡ ਦੀ ਸ਼ੁਰੂਆਤ ਹੋਈ। ਲੋਕਾਂ ਲਈ ਸਿੱਖਿਆ ਤੇ ਮੈਡੀਕਲ ਸਹੂਲਤਾਂ, ਗਰੀਬਾਂ ਲਈ ਰਾਖਵਾਂਕਰਨ, ਖੇਤੀਬਾੜੀ ਤੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਹਿੱਤ ਅਨੇਕਾਂ ਉਪਰਾਲੇ, ਭੂਮੀ ਸੁਧਾਰ, ਸਹਿਕਾਰੀ ਢਾਂਚੇ ਦਾ ਨਿਰਮਾਣ ਆਦਿ ਕੀਤੇ ਗਏ। ਹੌਲੀ ਹੌਲੀ ਇਹ ਪ੍ਰਥਾਵਾਂ ਤੇ ਸੰਸਥਾਵਾਂ ਰਾਜਨੀਤਕ ਰੰਗਤ ਫੜਦੀਆਂ ਗਈਆਂ ਤੇ ਸਰਕਾਰੀ ਪੈਸੇ 'ਤੇ ਦੇਣ ਵਾਲੀ ਸਹਾਇਤਾ ਵੀ ਇੰਜ ਲੱਗਣ ਲੱਗ ਪਈ ਜਿਵੇਂ ਸਿਆਸਤਦਾਨ ਆਪਣੀਆਂ ਜੇਬਾਂ ਵਿੱਚੋ ਪੈਸਾ ਦਿੰਦੇ ਹੋਣ। ਪਿਛਲੇ ਕੁੱਝ ਦਹਾਕਿਆਂ ਤੋਂ ਤਾਂ ਹਰੇਕ ਰਾਜਨੀਤਕ ਪਾਰਟੀ ਦਾ ਇਹ ਵਰਤਾਰਾ ਚੱਲ ਰਿਹਾ ਹੈ। ਹੋਰ ਦੇਸ਼ਾਂ ਵਿੱਚ ਵੀ ਖੇਤੀ ਸਮੇਤ ਕੁਝ ਸੀਮਤ ਕੰਮਾਂ ਲਈ ਸਰਕਾਰਾਂ ਸਬਸਿਡੀਆਂ ਮੁਹੱਈਆ ਕਰਵਾਉਂਦੀਆਂ ਹਨ ਪਰ ਉਹ ਅਜਿਹਾ ਆਪਣੇ ਦੇਸ਼ ਦੀ ਤੱਰਕੀ ਤੇ ਲੋਕਾਂ ਦੇ ਜੀਵਨ ਨੂੰ ਚੰਗੇਰਾ ਬਣਾਉਣਾ ਹਿੱਤ ਕਰਦੇ ਹਨ ਜਦਕਿ ਸਾਡੇ ਮੁਲਕ ਵਿੱਚ ਅਜਿਹੇ ਗੈਰ ਤਰਕਸੰਗਤ ਵਾਅਦੇ ਵੋਟਾਂ ਤੋਂ ਕੁਝ ਸਮਾਂ ਪਹਿਲਾਂ ਸ਼ੁਰੂ ਹੁੰਦੇ ਹਨ ਤੇ ਜਿੱਤ ਤੋਂ ਬਾਅਦ ਸਿਆਸਤਦਾਨਾਂ ਨੂੰ ਮਿਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਸਾਧਨਹੀਣ ਲੋਕਾਂ, ਬਜ਼ੁਰਗਾਂ ਤੇ ਅਪਾਹਜ਼ਾਂ ਆਦਿ ਦੀ ਸਹਾਇਤਾ ਹਰ ਸਰਕਾਰ ਦਾ ਨੈਤਿਕ ਫਰਜ਼ ਬਣਦਾ ਹੈ ਨਾ ਕਿ ਖਾਂਦੇ ਪੀਂਦੇ ਲੋਕਾਂ ਦੀ।

ਸੰਸਾਰ ਦੇ ਕਿਸੇ ਵੀ ਮੁਲਕ ਵਿੱਚ ਮੁਫ਼ਤਖੋਰੀ ਤੇ ਵਿਹਲੜਪੁਣੇ ਨੂੰ ਕੋਈ ਸਨਮਾਨ ਪ੍ਰਾਪਤ ਨਹੀਂ। ਪੰਜਾਬ ਵਿੱਚ ਭਾਵੇਂ ਹਰ ਧਰਮ ਦੇ ਲੋਕ ਹਨ ਪ੍ਰੰਤੂ ਸਿੱਖ ਧਰਮ ਤੇ ਇਸ ਦੇ ਪੈਰੋਕਾਰਾਂ ਦੀ ਬਹੁਲਤਾ ਹੈ। ਸਿੱਖ ਧਰਮ ਦੇ ਸਿਧਾਂਤਕ ਪੱਖ ਤੋਂ ਵੇਖੀਏ ਤਾਂ ਇਹ ਆਪਣੇ ਮੰਨਣ ਵਾਲਿਆਂ ਨੂੰ ਮੁਫ਼ਤਖੋਰੀ ਜਾਂ ਹੱਥ ਅੱਡਣ ਤੋਂ ਵਰਜਿਤ ਕਰਦਾ ਹੈ। ਈਸਾਈ ਧਰਮ ਵਿੱਚ ਕਥਨ ਹੈ ਕਿ 'ਲੋੜਵੰਦ ਨੂੰ ਮੱਛੀ ਦਾਨ ਨਾ ਕਰੋ ਬਲਕਿ ਮੱਛੀ ਫੜਨਾ ਸਿਖਾਓ' ਭਾਵ ਲੋਕਾਂ ਨੂੰ ਰੁਜ਼ਗਾਰ ਦੇ ਕੇ ਕੰਮ ਲਾਓ ਨਾ ਕਿ ਵਿਹਲੜ ਬਣਾਓ। ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਤਾਂ ਭਾਰਤ ਦੀ ਗਰੀਬੀ ਦਾ ਇੱਕ ਵੱਡਾ ਕਾਰਨ ਬਹੁਤ ਲੋਕਾਂ ਵੱਲੋਂ ਹੱਥੀ ਕੰਮ ਨਾ ਕਰਨ ਨੂੰ ਮੰਨਦਾ ਹੈ। ਸੰਸਾਰ ਦੇ ਕਈ ਮੁਲਕਾਂ ਵਿੱਚ ਆਟੋਮੇਸ਼ਨ ਵਧਣ ਕਾਰਨ ਲੋਕਾਂ ਨੂੰ ਘਰ ਬੈਠੇ ਸਰਵਵਿਆਪਕ ਮੁੱਢਲੀ ਆਮਦਨ ਦੇਣ ਬਾਰੇ ਗੱਲ ਕੀਤੀ ਤਾਂ ਵਧੇਰੇ ਮੁਲਕਾਂ ਦੇ ਲੋਕਾਂ ਨੇ ਘਰ ਵਿਹਲੇ ਬੈਠੇ ਸਰਕਾਰੀ ਆਮਦਨ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਮੰਨਿਆ ਕਿ ਉਹ ਕ੍ਰਿਤ ਬਿਨਾਂ ਬੇਕਾਰ ਹੋ ਜਾਣਗੇ। ਕੁਝ ਸਾਲ ਪਹਿਲਾਂ ਜਦੋਂ ਸਵਿਟਰਜ਼ਰਲੈਂਡ ਦੀ ਸਰਕਾਰ ਨੇ ਸਰਵਵਿਆਪਕ ਮੁੱਢਲੀ ਆਮਦਨ ਲਾਗੂ ਕਰਨ ਹਿੱਤ ਰਾਇ-ਸ਼ੁਮਾਰੀ ਕਰਵਾਈ ਤਾਂ 77% ਲੋਕਾਂ ਨੇ ਇਸ ਨੂੰ ਨਾਕਾਰ ਦਿੱਤਾ। ਉਨ੍ਹਾਂ ਦਾ ਮੰਨਣਾ ਸੀ ਕਿ ਵਿਹਲੇ ਬੈਠ ਕੇ ਸਰਕਾਰ ਦੀ ਨਿਰਭਰਤਾ 'ਤੇ ਜੀਵਨ ਬਸਰ ਨਹੀ ਕਰਨਾ ਚਾਹੁੰਦੇ। ਲੋਕਾਂ ਨੇ ਇਸ ਸਕੀਮ ਦੇ ਵਿਰੋਧ ਵਿੱਚ ਆਪਣੀ ਆਬਾਦੀ ਦੇ ਬਰਾਬਰ 8 ਮਿਲੀਅਨ ਸਿੱਕੇ ਬਰਨ ਵਿਖੇ ਇਕ ਜਨਤਕ ਚੁਰਾਹੇ 'ਤੇ ਢੇਰੀ ਕਰ ਦਿੱਤੇ।

ਸਾਡੇ ਦੇਸ਼/ਰਾਜ ਵਿੱਚ ਜ਼ਮੀਨ ਪੱਧਰ 'ਤੇ ਦੇਖੀਏ ਤਾਂ ਮੁਫ਼ਤ ਸਕੀਮਾਂ ਖਜ਼ਾਨੇ 'ਤੇ ਸਿਰਫ ਬੋਝ ਹੀ ਨਹੀ ਬਣੀਆਂ ਬਲਕਿ ਰਿਸ਼ਵਤਖੋਰੀ ਨੂੰ ਵੀ ਵਧਾਉਂਦੀਆਂ ਹਨ। ਕਈ ਲੋਕ ਗਰੀਬੀ ਦੇ ਨਾਮ 'ਤੇ ਲਏ ਬਹੁਤਾਤ ਵਿੱਚ ਆਨਾਜ ਨੂੰ ਬਜ਼ਾਰ ਵਿੱਚ ਵੇਚ ਤੱਕ ਦਿੰਦੇ ਹਨ। ਕਈ ਵੰਡ ਕਿੱਟਾ ਤਾਂ ਵੱਡੇ ਵੱਡੇ ਮੁਹਤਬਰਾਂ ਦੇ ਘਰਾਂ ਵਿੱਚ ਮਿਲ ਜਾਦੀਆਂ ਹਨ। ਇਸ ਤੋਂ ਬਿਨ੍ਹਾਂ ਸਬੰਧਤ ਵੰਡ ਪ੍ਰਣਾਲੀ ਨਾਲ ਜੁੜੇ ਅਧਿਕਾਰੀ ਤੇ ਮੁਲਾਜ਼ਮ ਮੁਫ਼ਤਖੋਰੀ ਵਿੱਚੋ ਆਪਣਾ ਹਿੱਸਾ ਵੀ ਰੱਖਦੇ ਹਨ। ਅਜਿਹੇ ਮਾਹੌਲ ਵਿੱਚ ਸਮਾਜ ਦੀ ਤੱਰਕੀ ਨੂੰ ਭਾਲਣਾ ਅੰਨ੍ਹੇ ਨੂੰ ਸੂਰਜ ਦਿਖਾਉਂਣ ਬਰਾਬਰ ਹੈ। ਅਜੋਕੇ ਮੰਡੀ ਸ਼ਕਤੀ ਦੇ ਯੁਗ ਵਿੱਚ ਜਿੱਥੇ ਰੋਸ਼ਨ ਦਿਮਾਗ਼ ਤਜਾਰਤੀ ਲੋਕ ਆਰਥਿਕ ਵਸੀਲਿਆਂ 'ਤੇ ਕਾਬਜ਼ ਹੋ ਰਹੇ ਹਨ ਉੱਥੇ ਗਰੀਬਾਂ ਤੇ ਆਮ ਲੋਕ ਖੈਰਾਤਬਾਜ਼ੀ ਕਰਕੇ ਵਿਹਲਪ੍ਰਸਤ ਹੋ ਰਹੇ ਹਨ ਜਦ ਕਿ ਕਈ ਤਬਕੇ ਤਾਂ ਪਹਿਲਾਂ ਹੀ ਕੰਮ ਤੋਂ ਭਾਂਜੂ ਹਨ। ਖੇਤੀਬਾੜੀ ਵਿੱਚ ਲੇਬਰ ਦੀ ਬਹੁਤ ਵੱਡੀ ਸਮੱਸਿਆ ਉਪਜ ਰਹੀ ਹੈ ਕਿਉਕਿ ਲੋਕਲ ਲੇਬਰ ਮੁਫ਼ਤ ਰਾਸ਼ਨ ਪਾਣੀ ਕਰ ਕੇ ਕੰਮ ਤੋਂ ਕੰਨੀ ਕਤਰਾਉਣ ਲਗ ਪਈ ਹੈ।

ਮੁਫ਼ਤਖੋਰੀ ਥੋੜ੍ਹਚਿਰੀ ਸੋਚ ਨੂੰ ਜਨਮ ਦਿੰਦੀ ਹੈ ਜਿਸ ਸਦਕਾ ਲੋਕ ਆਪਣਾ ਬੁੱਤਾ ਸਾਰੂ ਜੀਵਨ ਰਾਹ ਅਪਣਾ ਕੇ ਸਮਾਜ ਤੇ ਦੇਸ਼ ਦੀ ਤੱਰਕੀ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਂਦੇ। ਪ੍ਰਵਾਨਤ ਤੱਥ ਹੈ ਕਿ ਜੇ ਕਿਸੇ ਨੂੰ ਨਕਾਰਾ ਕਰਨਾ ਹੋਵੇ ਤਾਂ ਉਸ ਨੂੰ ਕੰਮ ਨਾ ਦਿਓ। ਤਜਰਬਾ ਦੱਸਦਾ ਹੈ ਕਿ ਮੁਫ਼ਤਖੋਰੀ ਨੇ ਵਧੇਰੇ ਕਰਕੇ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਸੱਤਾ ਨਹੀਂ ਦਿਵਾਈ। ਇਸ ਤੋਂ ਉਲਟ ਅਸਰ ਹੈ ਕਿ ਮੁਫ਼ਤ ਪਾਣੀ, ਬਿਜਲੀ ਕਰਕੇ ਪੰਜਾਬ ਦੀ ਧਰਤੀ ਬੰਜਰਪੁਣੇ ਵੱਲ ਵੱਧ ਰਹੀ ਹੈ। ਬਹੁਤ ਸਾਰੀਆਂ ਜਨਤਕ ਸੰਸਥਾਵਾਂ ਵਿੱਤ ਪੱਖੋ ਘੋਰ ਸੰਕਟ ਵਿੱਚ ਹਨ ਕਿਉਂਕਿ ਕਿਸੇ ਵਿਅਕਤੀ ਨੂੰ ਮੁਫ਼ਤਖੋਰੀ 'ਤੇ ਲਿਆਉਣਾ ਸੌਖਾ ਪਰ ਹਟਾਉਣਾ ਬਹੁਤ ਔਖਾ ਹੁੰਦਾ ਹੈ।

ਇਸ ਲਈ ਮੌਜੂਦਾ ਸਰਕਾਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਠੋਸ ਨੀਤੀਆਂ ਨੂੰ ਅਪਣਾਏ ਜਿਸ ਨਾਲ ਬੇਰੁਜ਼ਗਾਰੀ ਤੇ ਪਰਵਾਸ ਕਰਕੇ ਖਾਲੀ ਹੋ ਰਹੇ ਪੰਜਾਬ ਨੂੰ ਬਚਾਇਆ ਜਾ ਸਕੇ।



## ਗ਼ਜ਼ਲ

ਮਨਜੀਤ ਕੌਰ ਅੰਬਾਲਵੀ

ਜ਼ਿੰਦਗੀ ਦਾ ਰਾਹ ਬੜਾ ਦੁਸ਼ਵਾਰ ਹੈ,  
ਪਹੁੰਚਣਾ ਮੰਜ਼ਿਲ 'ਤੇ ਆਖ਼ਰਕਾਰ ਹੈ।  
ਆਦਮੀ ਤੋਂ ਆਦਮੀ ਬੇਜ਼ਾਰ ਹੈ,  
ਵਕਤ ਦੀ ਕੀ ਪੈ ਗਈ ਇਹ ਮਾਰ ਹੈ।  
ਕੀ ਕਰੇਂਗਾ ਤੂੰ ਖਲੋ ਕੇ ਰਾਹ ਵਿੱਚ,  
ਇਸ ਤਰ੍ਹਾਂ ਰੁਕਣਾ ਤਾਂ ਤੇਰੀ ਹਾਰ ਹੈ।  
ਰੰਜਿਸ਼ਾਂ, ਬੇਜ਼ਾਰੀਆਂ ਹਨ ਹਰ ਜਗ੍ਹਾ,  
ਕਿਸ ਤਰਫ਼ ਨੂੰ ਜਾ ਰਿਹਾ ਸੰਸਾਰ ਹੈ।  
ਹੈ ਬਣਾਇਆ ਆਲ੍ਹਣਾ ਜਿਸ ਸ਼ਾਖ਼ 'ਤੇ,  
ਕੱਟ ਰਿਹਾ ਓਸੇ ਨੂੰ ਕਿਉਂ ਗੰਵਾਰ ਹੈ।  
ਧੁਖ ਰਹੀ ਹੈ ਅੱਗ ਨਫ਼ਰਤ ਦੀ ਚੁਫ਼ੇਰ,  
ਇਹ ਕੋਈ ਇਨਸਾਨ ਦਾ ਕਿਰਦਾਰ ਹੈ।  
ਕਰ ਨਵੀਂ ਕੋਈ ਸਾਰਥਕ ਤੂੰ ਸਿਰਜਣਾ,  
ਏਸ ਵਰਗਾ ਕਿਹੜਾ ਪਰਉਪਕਾਰ ਹੈ।  
ਮਿੱਥ ਕੇ ਜੋ ਚੱਲਦੈ ਮੰਤਵ ਕੋਈ,  
ਜ਼ਿੰਦਗੀ ਵਿੱਚ ਹੁੰਦਾ ਉਹ ਕਦ ਖੁਆਰ ਹੈ।  
'ਸੱਚ' ਦੀ 'ਮਨਜੀਤ' ਤੂੰ ਕਾਨੀ ਬਣਾ,  
ਸਿਰਜਣਾ ਸੁਹਜਾਂ ਦਾ ਤੂੰ ਸੰਸਾਰ ਹੈ।



ਕਹਾਣੀ

# ਮਨ ਦਾ ਵਹਿਮ

ਗੁਰਵਿੰਦਰ ਕੌਰ
ਰੋਪੜ

ਕਮਲ ਦਾ ਮੰਗਣਾ ਹੋਏ ਨੂੰ ਚਾਰ ਮਹੀਨੇ ਹੋ ਗਏ ਸਨ। ਉਸਦੀ ਭੂਆ ਉਸ ਲਈ ਰਿਸ਼ਤਾ ਲਿਆਈ ਸੀ। ਉਸਦੇ ਸਹੁਰੇ ਘਰ ਵਿਚ ਰਵੀ ਤੋਂ ਇਲਾਵਾ ਉਸਦੀ ਮਾਂ ਅਤੇ ਭੈਣ ਸਨ। ਰਵੀ ਦੇ ਪਿਤਾ ਜੀ ਚਾਰ ਸਾਲ ਪਹਿਲਾਂ ਇਕ ਸੜਕ ਦੁਰਘਟਨਾ ਵਿਚ ਚਲ ਵਸੇ ਸਨ। ਛੋਟਾ ਜਿਹਾ ਹੀ ਪਰਿਵਾਰ ਸੀ। ਰਵੀ ਇਕ ਸੋਹਣਾ, ਸਾਊ ਅਤੇ ਪੜ੍ਹਿਆ ਲਿਖਿਆ ਮੁੰਡਾ ਸੀ। ਉਸਨੂੰ ਆਪਣੇ ਪਿਤਾ ਜੀ ਦੀ ਥਾਂ 'ਤੇ ਸਰਕਾਰੀ ਨੌਕਰੀ ਮਿਲ ਗਈ ਸੀ। ਰਵੀ ਦੀ ਮਾਂ ਘਰ ਵਿਚ ਹੀ ਥੋੜ੍ਹਾ ਬਹੁਤ ਸਿਲਾਈ ਕਢਾਈ ਦਾ ਕੰਮ ਕਰਦੀ ਸੀ। ਉਸਦੀ ਭੈਣ ਅਜੇ ਗਿਆਰ੍ਹਵੀਂ ਵਿਚ ਹੀ ਪੜਦੀ ਸੀ। ਉਨ੍ਹਾ ਵਲੋਂ ਫੋਨ 'ਤੇ ਕੀਤੀਆਂ ਗੱਲਾਂ ਤੋਂ ਕਮਲ ਆਪਣੇ ਅੰਦਰ ਵਿਆਹ ਦੇ ਚਾਅ ਨੂੰ ਮਹਿਸੂਸ ਕਰਦੀ ਸੀ।

ਕਮਲ ਨੂੰ ਮੰਗਣੇ ਤੋਂ ਹਫ਼ਤੇ ਬਾਅਦ ਹੀ ਅਜੀਬ ਜਿਹੀਆਂ ਗੱਲਾਂ ਸੁਣਨ ਨੂੰ ਮਿਲੀਆਂ,"ਧਿਆਨ ਰਖੀਂ ਕਮਲ! ਤੇਰੀ ਨਣਦ ਤਾਂ ਬਹੁਤ ਚਲਾਕ ਲਗਦੀ ਹੈ। ਇਹ ਨਾ ਹੋਵੇ ਕਿ ਕਿਤੇ ਤੇਰੇ ਪੈਰ ਹੀ ਨਾ ਲਗਣ ਦੇਵੇ"। "ਤੇਰੀ ਸੱਸ ਤਾਂ ਅੱਖਾਂ ਨਾਲ ਹੀ ਗੱਲਾਂ ਕਰਦੀ ਹੈ। ਉਹ ਤਾਂ ਬਹੁਤ ਚੁਸਤ ਹੈ। ਉਹ ਨੀ ਟਿਕਣ ਦਿੰਦੀ ਤੈਨੂੰ"। ਇਹੋ ਜਿਹੀਆਂ ਗੱਲਾਂ ਸੁਣ ਕੇ ਉਸਦੀ ਜਾਨ ਸੁੱਕ ਜਾਂਦੀ। ਅਜੇ ਕਲ੍ਹ ਹੀ ਉਸਦੀ ਇੱਕ ਵਿਆਹੀ ਸਹੇਲੀ ਜੋ ਕਿ ਉਸ ਨਾਲ ਕਾਲਜ ਵਿਚ ਪੜਦੀ ਸੀ ਕਹਿ ਰਹੀ ਸੀ,"ਮੈਂ ਤਾਂ ਸਹੁਰੇ ਘਰ ਬਹੁਤ ਦੁੱਖੀ ਹਾਂ। ਸਾਰਾ ਦਿਨ ਨੌਕਰਾਂ ਵਾਂਗ ਘਰ ਦਾ ਕੰਮ ਕਰੀ ਜਾਓ, ਫਿਰ ਵੀ ਸੱਸ ਦੇ ਤਾਹਨੇ-ਮਿਹਣੇ ਸੁਣੋ। ਵਿਆਹ ਤੋ ਬਾਅਦ ਤਾਂ ਜਿੰਦਗੀ ਹੀ ਖਰਾਬ ਹੈ"। ਇਹ ਸਭ ਸੁਣ ਕੇ ਕਮਲ ਦੇ ਮਨ ਵਿਚ ਡਰ ਹੋਰ ਵੀ ਬੈਠ ਗਿਆ। ਵਿਆਹ ਦਾ ਖੌਫ਼ ਵਧਦਾ ਹੀ ਜਾ ਰਿਹਾ ਸੀ। ਉਸਦਾ ਦਿਲ ਕਰਦਾ ਕਿ ਆਪਣੀ ਮਾਂ ਨੂੰ ਕਹਿ ਦੇਵੇ ਕਿ ਉਹ ਵਿਆਹ ਨਹੀ ਕਰਾਉਣਾ ਚਾਹੁੰਦੀ, ਹਮੇਸ਼ਾਂ ਉਨ੍ਹਾਂ ਨਾਲ ਹੀ ਰਹਿਣਾ ਚਾਹੁੰਦੀ ਹੈ।

ਜਿਵੇਂ-ਜਿਵੇਂ ਵਿਆਹ ਦੇ ਦਿਨ ਨੇੜੇ ਆ ਰਹੇ ਸਨ, ਦਿਲ ਵਿਚ ਬੁਰੇ ਬੁਰੇ ਖਿਆਲ ਆ ਰਹੇ ਸਨ। ਚਾਚੀਆਂ, ਤਾਈਆਂ ਅਤੇ ਆਂਢ-ਗੁਆਂਢ ਵਾਲਿਆਂ ਨੇ ਵੀ ਭਾਵੇਂ ਮਜ਼ਾਕ ਵਿਚ ਪਰ ਗੱਲਾਂ ਸੁਣਾਉਣ ਦਾ ਸਿਲਸਿਲਾ ਚਾਲੂ ਰੱਖਿਆ ਹੋਇਆ ਸੀ, "ਤੇਰੀ ਸੱਸ ਨੇ ਕਹਿਣਾ ਇਹ ਵੀ ਨੀ ਸਿਖਾਇਆ ਤੇਰੀ ਮਾਂ ਨੇ"। ਕਮਲ ਦੀ ਮਾਂ ਹੱਸ ਕੇ ਟਾਲ ਜਾਂਦੀ। ਪਰ ਕਮਲ ਦਾ ਹੁਣ ਵਿਆਹ ਕਰਾਉਣ ਦਾ ਬਿਲਕੁਲ ਮਨ ਨਹੀ ਸੀ। ਉਸਦੀ ਮਾਂ ਉਸਨੂੰ ਅਕਸਰ ਸਮਝਾਉਂਦੀ, "ਅਜਿਹਾ ਕੁਝ ਨਹੀਂ ਹੈ। ਇਹ ਸਭ ਕਹਿਣ ਦੀਆਂ ਗੱਲਾਂ ਹਨ। ਜੇ ਤੂੰ ਉਨ੍ਹਾਂ ਦੀ ਧੀ ਬਣ ਕੇ ਰਹੇਂਗੀ ਤਾਂ ਉਹ ਵੀ ਤੈਨੂੰ ਉਦਾਂ ਹੀ ਪਿਆਰ ਅਤੇ ਇਜ਼ੱਤ ਦੇਣਗੇ"।

ਦੋਹਾਂ ਪਾਸੇ ਵਿਆਹ ਦੀਆਂ ਤਿਆਰੀਆਂ ਜੋਰਾਂ 'ਤੇ ਚੱਲ ਰਹੀਆ ਸਨ। ਰਵੀ ਦੇ ਘਰਵਾਲੇ ਕਮਲ ਨੂੰ ਆਪਣੇ ਨਾਲ ਖਰੀਦਦਾਰੀ ਕਰਵਾਉਣ ਲੈ ਕੇ ਜਾਣਾ ਚਾਹੁੰਦੇ ਸਨ। ਕਮਲ ਦੇ ਮਾਂ ਬਾਪ ਨੂੰ ਕੋਈ ਇਤਰਾਜ਼ ਨਹੀ ਸੀ। ਤੈਅ ਦਿਨ ਕਮਲ ਉਨ੍ਹਾਂ ਨਾਲ ਚੰਡੀਗੜ੍ਹ ਖਰੀਦਦਾਰੀ ਲਈ ਚੱਲੀ ਗਈ। ਕਮਲ ਆਪਣੇ ਨਾਲ ਆਪਣੇ ਚਾਚੇ ਦੇ ਮੁੰਡੇ ਨੂੰ ਵੀ ਲੈ ਗਈ।

ਕਮਲ ਲਈ ਕਪੜੇ ਲੈਣ ਲਈ ਉਹ ਇਕ ਵਧੀਆ ਸ਼ੋਰੂਮ ਵਿਚ ਚਲੇ ਗਏ। ਉਥੇ ਬਹੁਤ ਵਧੀਆ ਅਤੇ ਮਹਿੰਗੇ ਕਪੜੇ ਸਨ। ਕਮਲ ਦੀ ਸੱਸ ਨੇ ਉਸ ਲਈ ਪੰਜ ਸੂਟ ਲਏ। ਜਦੋਂ ਉਸਦੀ ਪਸੰਦ ਪੁੱਛਦੇ ਤਾਂ ਉਹ ਸਿਰ ਨੀਵਾਂ ਕਰ ਲੈਂਦੀ। ਹੁਣ ਲਹਿੰਗਾ ਖਰੀਦਣਾ ਰਹਿ ਗਿਆ ਸੀ ਜੋ ਉਸ ਨੇ ਰਿਸੈਪਸ਼ਨ 'ਤੇ ਪਾਉਣਾ ਸੀ। ਸਹਿਜ ਵੀ ਆਪਣੇ ਲਈ ਲਹਿੰਗਾ ਲੈਣਾ ਚਾਹੁੰਦੀ ਸੀ। ਸਾਰੇ ਹੀ ਲਹਿੰਗੇ ਦੇਖਣ ਲਗ ਪਏ। ਇਕ ਗੁਲਾਬੀ ਰੰਗ ਦਾ ਲਹਿੰਗਾ ਬਹੁਤ ਪਸੰਦ ਆਇਆ ਸੀ। ਉਹ ਲਹਿੰਗੇ ਦੀ ਚੁੰਨੀ ਨੂੰ ਚੁੱਕ ਕੇ ਦੇਖਣ ਲਗ ਪਈ। ਉਸਦੀ ਸੱਸ ਨੇ ਸਹਿਜ ਨੂੰ ਕਿਹਾ ਕਿ ਇਹ ਤੂੰ ਆਪਣੇ ਲਈ ਦੇਖ ਲੈ। ਕਮਲ ਨੇ ਚੁੰਨੀ ਉਥੇ ਹੀ ਛੱਡ ਦਿੱਤੀ।

ਉਸ ਦੀ ਸੱਸ ਨੇ ਦੁਕਾਨਦਾਰ ਨੂੰ ਹੋਰ ਵਧੀਆ ਅਤੇ ਗੂੜ੍ਹੇ ਰੰਗ ਦੇ ਲਹਿੰਗੇ ਦਿਖਾਉਣ ਲਈ ਕਿਹਾ। ਸਹਿਜ ਲਹਿੰਗੇ ਨੂੰ ਦੇਖ ਕੇ ਟ੍ਰਾਈ ਰੂਮ ਵਿਚ ਚਲੀ ਗਈ। ਕਮਲ ਦੀ ਸੱਸ ਵੀ ਨਾਲ ਚਲੀ ਗਈ। ਹੁਣ ਉਥੇ ਕਮਲ, ਰਵੀ ਅਤੇ ਕਮਲ ਦਾ ਭਰਾ ਹੀ ਰਹਿ ਗਏ। ਰਵੀ ਹੌਲੀ ਜਿਹੀ ਕਮਲ ਕੋਲ ਆ ਕੇ ਬੈਠ ਗਿਆ। ਦੁਕਾਨਦਾਰ ਉਨ੍ਹਾਂ ਨੂੰ ਹੋਰ ਕਪੜੇ ਦਿਖਾਉਣ ਲਗ ਪਿਆ। ਇੰਨੇ ਨੂੰ ਸਹਿਜ ਤੇ ਉਸਦੀ ਮਾਂ ਆ ਗਈਆਂ।"ਭਾਬੀ ਆਇਓ ਇਕ ਮਿੰਟ", ਸਹਿਜ ਨੇ ਕਿਹਾ। ਕਮਲ ਉੱਠ ਕੇ ਚਲੀ ਗਈ।"ਤੁਸੀਂ ਪਾ ਕੇ ਦੇਖੋ ਇਹ ਲਹਿੰਗਾ, ਮੈਨੂੰ ਤਾਂ ਬਹੁਤ ਭਾਰਾ ਲੱਗਿਆ"। ਕਮਲ ਖੁਸ਼ ਹੋ ਗਈ ਉਸਨੂੰ ਤਾਂ ਪਹਿਲਾਂ ਹੀ ਇਹ ਲਹਿੰਗਾ ਪਸੰਦ ਆ ਗਿਆ ਸੀ। ਕਮਲ ਖੁਸ਼ੀ-ਖੁਸ਼ੀ ਲਹਿੰਗਾ ਪਾ ਕੇ ਬਾਹਰ ਆਈ ਤਾਂ ਸਹਿਜ ਅਤੇ ਰਵੀ ਦੀ ਆਵਾਜ ਕੰਨੀ ਪਈ, "ਲੈ ਫੇਰ ਕੀ ਹੋਇਆ ਮੈ ਕੋਈ ਹੋਰ ਲੈ ਲੈਣਾ। ਮੈਂ ਦੇਖਿਆ ਭਾਬੀ ਨੂੰ ਇਹੀ ਲਹਿੰਗਾ ਪਸੰਦ ਆਇਆ ਸੀ। ਉਹਨੇ ਪਰੀਆਂ ਵਰਗੀ ਲੱਗਣਾ ਇਹਨੂੰ ਪਾ ਕੇ",ਸਹਿਜ ਕਹਿ ਰਹੀ ਸੀ। "ਨੀ ਉਹ ਤਾਂ ਪਹਿਲਾਂ ਹੀ ਇੰਨੀ ਸੋਹਣੀ ਹੈ", ਕਮਲ ਦੀ ਸੱਸ ਬੋਲੀ। ਕਮਲ ਵਾਪਿਸ ਭੱਜ ਕੇ ਟ੍ਰਾਈ ਰੂਮ ਵਿਚ ਵੱੜ੍ਹ ਗਈ। ਉਸਦਾ ਮਨ ਬਹੁਤ ਖੁਸ਼ ਸੀ। ਉਹ ਗਲਤ ਸੋਚ ਰਹੀ ਸੀ। ਇਹ ਸਭ ਮੇਰੀ ਪਸੰਦ ਦਾ ਕਿੰਨਾ ਧਿਆਨ ਰਖ ਰਹੇ ਹਨ। ਸਭ ਦੇ ਦਿਲ ਵਿਚ ਉਸ ਲਈ ਬਹੁਤ ਪਿਆਰ ਸੀ। ਹੁਣ ਇਹ ਸਾਰੇ ਰਿਸ਼ਤੇ ਉਸਨੂੰ ਆਪਣੇ ਲਗ ਰਹੇ ਸਨ। ਇੰਨੇ ਨੂੰ ਸਹਿਜ ਦੀ ਬਾਹਰੋਂ ਆਵਾਜ ਆਈ, "ਭਾਬੀ ਦਿਖਾਓ ਜਲਦੀ ਕਿੱਦਾਂ ਦਾ ਲਗ ਰਿਹਾ ਹੈ ਲਹਿੰਗਾ?" ਉਹ

ਬਾਕੀ ਸਫ਼ਾ 33 'ਤੇ......



# ਬਦਲ ਰਹੀ ਜੀਵਨ ਦੀ ਤੋਰ ਤੇ ਨੌਜਵਾਨੀ ਦੇ ਰੁਝਾਨ

ਗੁਰਬਿੰਦਰ ਸਿੰਘ ਮਾਣਕ
ਪਿੰਡ ਖਰਲ ਕਲਾਂ ਜ਼ਿਲ੍ਹਾ ਜਲੰਧਰ

ਕਿਸੇ ਵੀ ਦੇਸ਼ ਦਾ ਨੌਜਵਾਨ ਵਰਗ ਸ਼ਕਤੀ ਅਤੇ ਜੋਸ਼ ਦਾ ਭਰ ਵਗਦਾ ਦਰਿਆ ਹੁੰਦਾ ਹੈ। ਜੇਕਰ ਇਹ ਅਨੁਸ਼ਾਸਿਤ ਰੂਪ ਵਿੱਚ ਆਪਣੀ ਤਾਕਤ ਅਤੇ ਸਮਰੱਥਾ ਦਾ ਪ੍ਰਗਟਾਵਾ ਹੋਸ਼ ਨਾਲ ਕਰਨ ਦੇ ਰਾਹ ਤੁਰ ਪਵੇ ਤਾਂ ਸਮਾਜ ਦੀ ਕਾਇਆ ਕਲਪ ਕੀਤੀ ਜਾ ਸਕਦੀ ਹੈ। ਸਮੇਂ ਦੇ ਬਦਲਣ ਨਾਲ ਮਨੁੱਖੀ ਜੀਵਨ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਹਨ। ਜ਼ਿੰਦਗੀ ਦੀ ਤੋਰ ਲਗਾਤਾਰ ਬਦਲ ਰਹੀ ਹੈ। ਵਿਗਿਆਨਕ ਕਾਢਾਂ ਅਤੇ ਤਕਨਾਲੋਜੀ ਦੇ ਵਿਆਪਕ ਪਸਾਰੇ ਨੇ ਸਾਡੀ ਜੀਵਨ-ਜਾਚ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਇਸ ਵਿੱਚ ਕੋਈ ਬੁਰਾਈ ਵੀ ਨਹੀਂ ਹੈ। ਸਮੇਂ ਨਾਲ ਬਦਲਣਾ ਬਹੁਤ ਚੰਗੀ ਗੱਲ ਹੈ। ਪਰ ਕਿਸੇ ਤਕਨਾਲੋਜੀ ਦਾ ਗੁਲਾਮ ਬਣ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਸਾਡੀ ਨੌਜਵਾਨ ਪੀੜ੍ਹੀ ਨਵੀਂ ਤਕਨਾਲੋਜੀ ਦੀ ਵਰਤੋਂ ਵਿੱਚ ਜਿਸ ਤਰ੍ਹਾਂ ਖਚਿਤ ਹੋ ਰਹੀ ਹੈ ਇਹ ਸਮਾਜ ਲਈ ਬਹੁਤ ਚਿੰਤਾਜਨਕ ਮੁੱਦਾ ਹੈ।

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਕੰਪਿਊਟਰ, ਇੰਟਰਨੈਟ ਅਤੇ ਮੁਬਾਇਲ ਨੇ ਮਨੁੱਖੀ ਜੀਵਨ ਨੂੰ ਅਨੇਕਾਂ ਲਾਭ ਪ੍ਰਦਾਨ ਕੀਤੇ ਹਨ। ਇੰਟਰਨੈਟ ਦੀ ਆਮਦ ਨੇ ਮਨੁਖ ਲਈ ਜੀਵਨ ਦੇ ਹਰ ਖੇਤਰ ਬਾਰੇ ਸੰਸਾਰ ਭਰ ਦੀ ਜਾਣਕਾਰੀ ਅਤੇ ਗਿਆਨ ਦੇ ਅਨੇਕਾਂ ਦਰਵਾਜ਼ੇ ਖੋਲ੍ਹੇ ਹਨ। ਵਿਸ਼ਾਲ ਸੰਸਾਰ ਇੱਕ ਤਰ੍ਹਾਂ ਨਾਲ ਮਨੁੱਖ ਦੀ ਮੁੱਠੀ ਵਿੱਚ ਸਿਮਟ ਗਿਆ ਹੈ। ਬਹੁਤ ਨੌਜਵਾਨ ਹੋਣਗੇ ਜਿਨ੍ਹਾਂ ਨੇ ਇਸ ਤਕਨਾਲੋਜੀ ਦੀ ਵਰਤੋਂ ਕਰ ਕੇ ਆਪਣੀ ਪੜ੍ਹਾਈ, ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਅਤੇ ਹੋਰ ਅਨੇਕਾਂ ਲਾਭ ਲੈ ਕੇ ਆਪਣੀ ਜ਼ਿੰਦਗੀ ਨੂੰ ਕਿਸੇ ਮੰਜ਼ਿਲ ਤੱਕ ਪਹੁੰਚਾਇਆ ਹੋਵੇਗਾ ਤੇ ਉਹ ਲਗਾਤਾਰ ਇਸ ਵਡਮੁਲ਼ੇ ਖ਼ਜ਼ਾਨੇ ਦੀ ਵਰਤੋਂ ਕਰ ਕੇ ਆਪਣੇ ਜੀਵਨ ਅਤੇ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਦੇ ਰਾਹ ਤੁਰੇ ਹੋਏ ਹਨ। ਕਿਸੇ ਤਕਨਾਲੋਜੀ ਨੂੰ ਫ਼ਜ਼ੂਲ ਜਿਹੀਆਂ ਗੱਲਾਂ ਅਤੇ ਗਲਤ ਮੰਤਵਾਂ ਲਈ ਵਰਤਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਇਸ ਵਿੱਚ ਤਕਨਾਲੋਜੀ ਦਾ ਕੋਈ ਦੋਸ਼ ਨਹੀਂ। ਇਹ ਬਹੁਤ ਦੁਖਦਾਈ ਗੱਲ ਹੈ ਕਿ ਅਜੋਕੇ ਨੌਜਵਾਨ ਵਰਗ ਦੇ ਬਹੁਤ ਵੱਡੇ ਹਿੱਸੇ ਨੇ ਇਸ ਵਿਗਿਆਨਕ ਕਾਢ ਦਾ ਸਹੀ ਪ੍ਰਯੋਗ ਕਰਨ ਦੀ ਥਾਂ ਇਸ ਦੀ ਇਸ ਦੀ ਦੁਰਵਰਤੋਂ ਕਰ ਕੇ ਆਪਣੀ ਜੀਵਨ-ਤੋਰ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਸਮੁੱਚੇ ਸਮਾਜ ਲਈ ਵੀ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਦਿੱਤੇ ਹਨ।

ਨੌਜਵਾਨ ਦੀਵਾਨਗੀ ਦੀ ਹੱਦ ਤੱਕ ਇਸ ਤਕਨਾਲੋਜੀ ਦੀ ਕੇਵਲ ਮਨੋਰੰਜਨ ਜਾਂ ਨਿਰਾਰਥਕ ਕੰਮਾਂ ਲਈ ਵਰਤੋਂ ਕਰਨ ਦੇ ਰਾਹ ਤੁਰੇ ਹੋਏ ਹਨ। ਉਠਦੇ ਬਹਿੰਦੇ, ਖਾਂਦੇ-ਪੀਂਦੇ, ਵਾਹਨ ਚਲਾਉਂਦੇ, ਗੱਲ ਕੀ ਹਰ ਸਮੇਂ ਹੀ ਨੌਜਵਾਨ ਇਸ ਤਕਨਾਲੋਜੀ ਨਾਲ ਚਿੰਬੜੇ ਦਿਖਾਈ ਦਿੰਦੇ ਹਨ। ਫ਼ਜ਼ੂਲ ਜਿਹੇ ਸੰਦੇਸ਼ਾਂ, ਅਸ਼ਲੀਲ ਚੁਟਕਲਿਆਂ ਅਤੇ ਆਪਣੀਆਂ ਤਸਵੀਰਾਂ ਤੱਕ ਹੀ ਕਿਸੇ ਤਕਨਾਲੋਜੀ ਨੂੰ ਸੀਮਿਤ ਕਰ ਦੇਣਾ ਕੋਈ ਸਾਰਥਿਕ ਗੱਲ ਨਹੀਂ ਹੈ। ਇਸ ਦੀ ਦੁਰਵਰਤੋਂ ਨਾਲ ਹੀ ਸਮਾਜ ਵਿੱਚ ਜੁਰਮਾਂ ਦਾ ਗਰਾਫ਼ ਲਗਾਤਰ ਵਧ ਰਿਹਾ ਹੈ। ਹਾਲਾਂ ਕਿ ਜਿਸ ਤਕਨਾਲੋਜੀ ਦਾ ਸਹਾਰਾ ਲੈ ਕੇ ਜੁਰਮ ਕੀਤਾ ਜਾਂਦਾ ਹੈ ਉਸੇ ਦੀ ਸਹਾਇਤਾ ਨਾਲ ਹੀ ਜੁਰਮ ਦਾ ਸੁਰਾਗ ਲੱਭ ਲਿਆ ਜਾਂਦਾ ਹੈ। ਵਾਹਨ ਚਲਾਉਣ ਸਮੇਂ ਅਕਸਰ ਹੀ ਨੌਜਵਾਨ ਮੁਬਾਇਲ ਦੀ ਵਰਤੋਂ ਕਰਦਿਆਂ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਵਿਦਿਅਕ ਸੰਸਥਾਵਾਂ ਵਿੱਚ ਪੜ੍ਹਦੇ ਬਹੁਤੇ ਨੌਜਵਾਨ ਪੜ੍ਹਨ ਦੀ ਥਾਂ ਕਈ ਤਰ੍ਹਾਂ ਦੀਆਂ ਨਿਰਾਰਥਿਕ ਗਤੀਵਿਧੀਆਂ ਵਿੱਚ ਹੀ ਆਪਣਾ ਸਮਾਂ ਬਰਬਾਦ ਕਰ ਲੈਂਦੇ ਹਨ। ਘਰਦਿਆਂ ਦੇ ਮਿਹਨਤ ਨਾਲ ਕਮਾਏ ਪੈਸੇ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਭਾਵੇਂ ਸਾਰੇ ਤਾਂ ਨਹੀਂ ਪਰ ਇੱਕ ਦੂਜੇ ਦੇ ਮਗਰ ਲੱਗ ਕੇ ਤੇ ਝੂਠੀ ਸ਼ਾਨ ਦਿਖਾਉਣ ਲਈ ਬਹੁਤੇ ਨੌਜਵਾਨ ਮਹਿੰਗੇ ਬਰੈਂਡਿਡ ਕੱਪੜਿਆਂ ਅਤੇ ਹੋਰ ਵਸਤਾਂ 'ਤੇ ਪੈਸੇ ਖਰਚ ਕਰ ਦੇ ਹਨ। ਮਹਿੰਗੇ ਮੋਬਾਇਲ ਫੋਨ, ਮੋਟਰ ਸਾਈਕਲ ਅਤੇ ਕਾਰਾਂ, ਕੱਪੜੇ ਅਤੇ ਸਜਣ-ਸੰਵਰਨ ਲਈ ਮਹਿੰਗੀ ਮੇਕਅੱਪ ਸਮੱਗਰੀ ਅਜੋਕੀ ਨੌਜਵਾਨ ਪੀੜ੍ਹੀ ਦੇ ਅਵੱਲੇ ਸ਼ੌਕਾਂ ਵਿੱਚ ਸ਼ਾਮਲ ਹਨ। ਖਾਣ-ਪੀਣ ਵਿੱਚ ਵੀ ਅਜੋਕੀ ਪੀੜ੍ਹੀ ਘਰ ਦੀ ਰੋਟੀ ਨੂੰ ਤਿਆਗ ਕੇ ਫਾਸਟ ਫੂਡ ਦੀ ਦੀਵਾਨੀ ਹੋ ਗਈ ਹੈ। ਇਸ ਕਾਰਨ ਹੀ ਮਨੁੱਖੀ ਸਿਹਤ ਨੂੰ ਨਰੋਆ ਰੱਖਣ ਵਿੱਚ ਕਈ ਸੰਕਟ ਪੈਦਾ ਹੋ ਰਹੇ ਹਨ। ਮੋਟਰਸਾਈਕਲਾਂ 'ਤੇ ਬਿਨਾਂ ਵਜਾਹ ਹੀ ਗੇੜੀਆਂ ਮਾਰਨੀਆਂ, ਬਾਜ਼ਾਰ ਵਿੱਚੋਂ ਤੇਜ਼ ਰਫਤਾਰ ਨਾਲ ਗੁਜਰਨਾ, ਸ਼ੋਰੀਲੇ ਅਤੇ ਡਰਾਉਣੇ ਹਾਰਨਾਂ ਨਾਲ ਲੋਕਾਂ ਨੂੰ ਭੈਅ ਭੀਤ ਕਰਨਾ , ਰਾਹ ਤੁਰੀਆਂ ਜਾਂਦੀਆਂ ਕੁੜੀਆਂ ਨੂੰ ਆਵਾਜ਼ੇ ਕੱਸਣੇ, ਹੋਸ਼ ਦਾ ਪ੍ਰਗਟਾਵਾ ਤਾਂ ਬਿਲਕੁਲ ਨਹੀਂ ਕਹੇ ਜਾ ਸਕਦੇ। ਵਿਆਹ ਸ਼ਾਦੀ ਸਮੇਂ ਜਾਗੋ ਕੱਢਦਿਆਂ ਅਤੇ ਡੀਜੇ ਦੇ ਕੰਨ ਪਾੜਵੇਂ ਸ਼ੋਰ ਵਿੱਚ ਨੌਜਵਾਨ ਇਕੱਠੇ ਹੋ ਕੇ ਆਪਣੀਆਂ ਮਾਵਾਂ, ਭੈਣਾਂ ਦੀ ਹਾਜ਼ਰੀ ਵਿੱਚ ਜਿਸ ਤਰ੍ਹਾਂ ਅਸ਼ਲੀਲ ਬੋਲੀਆਂ ਪਾਉਂਦੇ ਹਨ, ਉਹ ਸਾਡੇ ਸ਼ਾਨਾਮੱਤੇ ਸੱਭਿਆਚਾਰ ਦੀ ਨਿਰਾਦਰੀ ਕਰਨ ਦੇ ਤੁੱਲ ਹੈ।

ਖੁੱਲ੍ਹੀਆਂ ਜੀਪਾਂ ਨੂੰ ਨਵੀਂ ਦਿੱਖ ਦੇ ਕੇ ਉੱਚੀ ਆਵਾਜ਼ ਵਿੱਚ ਗਾਣੇ ਲਾ ਕੇ ਤੇ ਦੋ ਚਾਰ ਦੋਸਤਾਂ ਨੂੰ ਨਾਲ ਬਿਠਾ ਕੇ ਸੜਕਾਂ 'ਤੇ ਗੇੜੇ ਲਾਉਣੇ ਅਜੋਕੇ ਗੱਭਰੂਆਂ ਦਾ ਇੱਕ ਹੋਰ ਅਵੱਲਾ ਸ਼ੌਕ ਹੈ। ਮਾਪਿਆਂ ਦੇ ਮਿਹਨਤ ਨਾਲ ਕਮਾਏ ਪੈਸੇ ਨਾਲ ਖੂਬ ਐਸ਼ ਕੀਤੀ ਜਾਂਦੀ ਹੈ। ਕਈ ਵਾਰ ਇਹ ਸਾਂਝ ਨਸ਼ਿਆਂ ਦੇ ਰੂਪ

ਵਿੱਚ ਹੋਰ ਪੀਡੀ ਹੋ ਜਾਂਦੀ ਹੈ। ਅੱਜ ਕੱਲ੍ਹ ਤਾਂ ਨੌਜਵਾਨ ਆਪਣੇ ਸ਼ੌਕ ਪੂਰੇ ਕਰਨ ਲਈ ਟਰੈਕਟਰਾਂ ਨੂੰ ਵੀ ਨਵੇਕਲੀ ਦਿੱਖ ਦੇਣ ਲਈ ਹਜ਼ਾਰਾਂ ਰੁਪਏ ਖਰਚ ਰਹੇ ਹਨ। ਚੌੜੇ ਟਾਇਰ, ਅਲੌਏ ਵੀਲ੍ਹ, ਕਈ ਤਰ੍ਹਾਂ ਦੇ ਹਾਰਨ ਅਤੇ ਸਜਾਵਟੀ ਲਾਇਟਾਂ ਨਾਲ ਸ਼ਿੰਗਾਰ ਕੇ ਟਰੈਕਟਰਾਂ ਨੂੰ ਸੜਕਾਂ 'ਤੇ ਘੁਮਾ ਕੇ ਸ਼ੌਕ ਦੀ ਤ੍ਰਿਪਤੀ ਕੀਤੀ ਜਾਂਦੀ ਹੈ। ਖੇਤਾਂ ਵਿੱਚ ਕੰਮ ਕਰਨ ਵਾਲੇ ਨੌਜਵਾਨ ਤਾਂ ਹੁਣ ਵਿਰਲੇ ਹੀ ਹਨ, ਪਰ ਬੁਲਟਾਂ, ਜੀਪਾਂ ਅਤੇ ਕਾਰਾਂ ਉੱਤੇ ਸਵਾਰ ਹੋ ਕੇ ਬਾਜ਼ਾਰਾਂ ਦੀ ਰੌਣਕ ਵਧਾਉਣ ਵਾਲਿਆਂ ਦੀ ਗਿਣਤੀ ਨਿੱਤ-ਦਿਨ ਵਧ ਰਹੀ ਹੈ।

ਸਿਆਸੀ ਨੇਤਾ ਆਪਣੇ ਸਵਾਰਥ ਲਈ ਨੌਜਵਾਨਾਂ ਨੂੰ ਵਰਗਲਾ ਕੇ ਅਜਿਹੇ ਰਾਹਾਂ ਦੇ ਪਾਂਧੀ ਬਣਾਉਣ ਵਿੱਚ ਲੱਗੇ ਹਨ। ਪੰਜਾਬ ਲਈ ਇਹ ਵਰਤਾਰਾ ਬਹੁਤ ਹੀ ਖਤਰਨਾਕ ਸਾਬਤ ਹੋ ਸਕਦਾ ਹੈ। ਨਸ਼ਿਆਂ, ਹਥਿਆਰਾਂ ਅਤੇ ਜੁਰਮਾਂ ਦੀ ਅੰਨ੍ਹੀ ਗਲੀ ਵੱਲ ਧੱਕੇ ਜਾ ਰਹੇ ਇਨ੍ਹਾਂ ਨੌਜਵਾਨਾਂ ਦੀ ਹੋਣੀ ਤੋਂ ਪੰਜਾਬ ਦੇ ਸੰਤਾਪੇ ਭਵਿੱਖ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਭ ਸਿਆਸੀ ਪਾਰਟੀਆਂ ਵੋਟ ਰਾਜਨੀਤੀ ਦੀ ਖਾਤਰ ਨੌਜਵਾਨ ਵਰਗ ਨਾਲ ਝੂਠੀ ਸੱਚੀ ਹਮਦਰਦੀ ਜਤਾ ਕੇ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਵਿੱਚ ਹਨ। ਇਸ ਪ੍ਰਤਿ ਨੌਜਵਾਨਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਬੇਰੁਜ਼ਗਾਰੀ ਦੇ ਥਪੇੜਿਆਂ ਨਾਲ ਭੰਨਿਆਂ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਵਿਚਰਦਾ ਭਟਕਣਾ ਦਾ ਸ਼ਿਕਾਰ ਹੋ ਚੁੱਕਾ ਹੈ। ਸਰਕਾਰਾਂ ਨੇ ਇਸ ਅਮੁੱਲੇ ਸਰਮਾਏ ਨੂੰ ਗੰਭੀਰਤਾ ਨਾਲ ਸੰਭਾਲਣ ਦੇ ਬਹੁਤੇ ਉਪਰਾਲੇ ਨਹੀਂ ਕੀਤੇ। ਹਰ ਥਾਂ ਉਨ੍ਹਾਂ ਨੂੰ ਵਰਗਲਾ ਕੇ ਆਪਣੇ ਹਿਤਾਂ ਲਈ ਵਰਤਿਆ ਜਾ ਰਿਹਾ ਹੈ। ਜੇ ਹਕੂਮਤਾਂ ਸੱਚਮੁੱਚ ਹੀ ਨੌਜਵਾਨਾਂ ਦੀਆਂ ਹਮਦਰਦ ਹਨ ਤਾਂ ਲੱਖਾਂ ਦੀ ਗਿਣਤੀ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇ ਕੇ ਇਸ ਅਜਾਈਂ ਜਾ ਰਹੀ ਸ਼ਕਤੀ ਨੂੰ ਸੰਭਾਲਿਆ ਜਾ ਸਕਦਾ ਹੈ।

❋ ❋ ❋ ❋ ❋

.........ਸਫ਼ਾ 31 ਦੀ ਬਾਕੀ

ਮੁਸਕੁਰਾਉਂਦੀ ਹੋਈ ਬਾਹਰ ਆ ਗਈ। ਰਵੀ ਨੇ ਮੁਸਕੁਰਾ ਕੇ ਸਿਰ ਹਿਲਾਇਆ ਤਾਂ ਕਮਲ ਨੇ ਨੀਵੀਂ ਪਾ ਲਈ।

ਹੁਣ ਉਹ ਆਪਣੀ ਪਸੰਦ ਦੀ ਚੀਜ਼ 'ਤੇ ਹੱਥ ਰੱਖ ਰਹੀ ਸੀ। ਉਸਦੇ ਮਨ ਦਾ ਵਹਿਮ ਨਿਕਲ ਗਿਆ ਸੀ। ਸ਼ਾਪਿੰਗ ਤੋ ਬਾਅਦ ਸਭ ਨੇ ਇਕ ਵਧੀਆ ਹੋਟਲ ਵਿਚ ਖਾਣਾ ਖਾਧਾ। ਸ਼ਾਮ ਹੋਣ ਤੋਂ ਪਹਿਲਾਂ ਉਹ ਘਰ ਆ ਗਏ ਸਨ। ਕਮਲ ਦਾ ਭਰਾ ਉਸਦੇ ਸਹੁਰੇ ਪਰਿਵਾਰ ਦੀਆਂ ਤਾਰੀਫ਼ਾਂ ਕਰ ਰਿਹਾ ਸੀ। ਕਮਲ ਅੰਦਰ ਹੀ ਅੰਦਰ ਖੁਸ਼ ਹੋ ਰਹੀ ਸੀ। ਇਕ ਦਿਨ ਵਿਚ ਹੀ ਕਮਲ ਉਨ੍ਹਾਂ ਦੇ ਵੱਲ ਦੀ ਹੋ ਗਈ ਸੀ। ਹੁਣ ਉਸਨੂੰ ਵੀ ਵਿਆਹ ਵਾਲੇ ਦਿਨ ਦਾ ਇੰਤਜ਼ਾਰ ਸੀ। ਉਸ ਦੇ ਮਨ ਦਾ ਵਹਿਮ ਨਿਕਲ ਗਿਆ ਸੀ।

❋ ❋ ❋ ❋ ❋

.......ਸਫ਼ਾ 28 ਦੀ ਬਾਕੀ

ਬਰਸਾਤ ਜਿਸ ਬਾਰੇ ਪਤਾ ਨਹੀ ਹੁੰਦਾ, ਕਿੰਨੀ ਪੈਣੀ ਹੈ ਜਾਂ ਫਿਰ ਨਹੀ ਪੈਣੀ, ਨੂੰ ਸ਼ਾਮਿਲ ਨਾ ਕੀਤਾ ਜਾਵੇ, ਤਦ ਵੀ ਬਹੁਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ-ਗਰਮੀ ਤੇ ਸਰਦੀ ਵਾਲਾ ਖਿੱਤਾ ਬਣ ਜਾਵੇਗਾ। ਇਨ੍ਹਾਂ ਦੋਵਾਂ ਰੁੱਤਾਂ ਦੀ ਨਾ ਸਿਰਫ ਸਮਾਂ ਮਿਆਦ ਵਧ ਘਟ ਰਹੀ ਹੈ ਸਗੋ ਇਸ ਦੇ ਤਾਪਮਾਨ ਬਾਰੇ ਵੀ ਬੇਯਕੀਨੀ ਬਣ ਗਈ ਹੈ। ਰੁੱਤਾਂ ਦੇ ਰਵਾਇਤੀ ਤਾਪਮਾਨ ਸਮੇਂ ਵਿੱਚ ਗੜਬੜ ਸ਼ੁਰੂ ਹੋ ਗਈ ਹੈ। ਬਹੁ ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ ਵਿਚ ਸੁੰਗੜਨ ਦਾ ਅਰਥ ਹੈ ਵੰਨ-ਸਵੰਨਤਾ ਘਟਣਾ। ਬਹੁ ਰੁੱਤਾਂ ਦੀਆਂ ਬਰਕਤਾਂ ਤੋਂ ਹੱਥ ਧੋ ਕੇ ਬੰਦਾ ਸਿਰਫ ਦੋ ਰੁੱਤਾਂ ਦੀ ਪੈਦਾਵਾਰ ਖਾਣ-ਹੰਢਾਉਣ ਲਈ ਨਰੜਿਆ ਜਾਵੇਗਾ। ਵੰਨ-ਸਵੰਨੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ, ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ-ਸਹਿਣ, ਜੀਅ ਪ੍ਰਚਾਵਿਆਂ, ਰੈਣ ਬਸੇਰਿਆਂ, ਗੱਲ ਕੀ ਸਮੁੱਚੀ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਕਰਨੀਆਂ ਪੈਣਗੀਆਂ ਜੋ ਸਾਡੀ ਜੀਵਨ ਜਾਚ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ।

ਇੱਕ ਖੋਜ ਅਨੁਸਾਰ 2-3 ਫਾਰਨਹੀਟ ਨਾਲ ਹੀ 20 ਤੋਂ 30% ਜੀਵ ਵੰਨ-ਸਵੰਨਤਾ ਅਤੇ ਮੌਸਮ ਤੇ ਜਲ ਸੋਮਿਆਂ ਉੱਤੇ ਮਾਰੂ ਅਸਰ ਪੈਂਦਾ ਹੈ। ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉੱਤੇ ਮੌਜੂਦਾ ਰੁੱਖਾਂ ਤੇ ਪੌਦਿਆਂ ਦਾ 50 ਫ਼ੀਸਦੀ ਤੱਕ ਸਫਾਇਆ ਹੋ ਜਾਵੇਗਾ। ਮਨੁੱਖ ਦੀ ਬਿਰਤੀ ਇਹੋ ਰਹੀ ਤਾਂ ਸਾਡਾ ਉੱਤਰੀ ਖਿੱਤਾ ਹੋਰ ਅੱਧੀ ਸਦੀ ਨੂੰ ਜਾਂ ਤਾਂ ਧਰੁਵ (ਬਰਫਾਨੀ ਖਿੱਤਾ) ਬਣ ਜਾਵੇਗਾ ਜਾਂ ਫਿਰ ਬੰਜਰ ਬੀਆਵਾਨ। ਮਨੁੱਖ ਮੁੱਢ ਤੋਂ ਹੀ ਖ਼ੁਦ ਨੂੰ ਇਸ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਸ਼ਾਡੇ ਕਈ ਧਾਰਮਿਕ ਪ੍ਰਚਾਰਕਾਂ ਨੇ ਵੀ ਇਸ ਦੇ ਨਾਲ ਮਿਲਦੀ-ਜੁਲਦੀ ਸਿੱਖਿਆ ਮਨੁੱਖ ਨੂੰ ਦਿੱਤੀ ਹੈ। ਆਧੁਨਿਕ ਪੁਨਰ-ਜਾਗ੍ਰਿਤੀ ਅਤੇ ਧਨ ਕੁਬੇਰਾਂ ਦੀ ਸਿਰਜੀ ਬਾਜ਼ਾਰ ਦੀ ਚਕਾਚੌਂਧ ਨੇ ਭੀ ਇਸੇ ਸੋਚ ਨੂੰ ਦ੍ਰਿੜਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਅਸਲ ਵਿੱਚ, ਇਹ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ। ਜੇ ਮਨੁੱਖ ਨੇ ਜ਼ਿੰਦਾ ਰਹਿਣਾ ਹੈ ਤਾਂ ਹੁਣ ਫਲਸਫੇ, ਸਿਧਾਂਤ ਅਤੇ ਵਿਚਾਰਧਾਰਾਵਾਂ ਸਿਰਫ਼ ਮਨੁੱਖ ਦੇ ਹਿੱਤਾਂ ਨੂੰ ਹੀ ਧਿਆਨ ਵਿੱਚ ਰੱਖ ਕੇ ਘੜਨ ਦੀ ਲੋੜ ਨਹੀ ਬਲਕਿ ਇਸ ਧਰਤੀ ਦੇ ਛੋਟੇ ਤੋਂ ਛੋਟੇ ਜੀਵਾਂ ਨੂੰ ਵੀ ਧਿਆਨ 'ਚ ਰੱਖਣਾ ਜ਼ਰੂਰੀ ਹੈ। ਝੀਲਾਂ, ਜੰਗਲ ਬੇਲੇ, ਪਹਾੜ, ਗੱਲ ਕੀ ਧਰਤੀ ਦੀ ਹੋਰ ਸ਼ੈਅ ਮਨੁੱਖ ਜਿੰਨੀ ਹੀ ਮਹੱਤਵਪੂਰਨ ਹੈ ਸਗੋ ਮਨੁੱਖੀ ਹੋਂਦ ਲਈ ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿਦਗੀਵਾਦ ਦੇ ਸੰਕਲਪ ਵਿਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਵਧਾਈ ਵਿਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਭੁੱਲ-ਭੁੱਲਾ ਗਏ ਹਾਂ।

❋ ❋ ❋ ❋ ❋

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਸੈਣੀ ਸੰਸਾਰ ਦਾ 51ਵਾਂ ਅੰਕ ਰਿਲੀਜ਼ ਕਰਦੇ ਹੋਏ ਸ. ਬਘੇਲ ਸਿੰਘ, ਐੱਮ.ਡੀ., ਰੋਪੜ ਪ੍ਰੋਪਰਟੀਜ਼ ਐਂਡ ਬਿਲਡਰਜ਼ ਅਤੇ ਸਾਬਕਾ ਐੱਮ.ਸੀ. ਸ. ਗੁਰਮੁੱਖ ਸਿੰਘ




21ਵੇਂ ਖੂਨਦਾਨ ਕੈਂਪ ਸਮੇਂ ਖੂਨਦਾਨੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸ. ਬਘੇਲ ਸਿੰਘ, ਐੱਮ.ਡੀ., ਰੋਪੜ ਪ੍ਰੋਪਰਟੀਜ਼ ਐਂਡ ਬਿਲਡਰਜ਼



ਸ਼੍ਰੀ ਮਨੀਸ਼ ਤਿਵਾੜੀ, ਐੱਮ.ਪੀ. ਸੈਣੀ ਭਵਨ ਨੂੰ 5 ਲੱਖ ਦਾ ਚੈੱਕ ਭੇਂਟ ਕਰਦੇ ਹੋਏ, ਉਨ੍ਹਾਂ ਨਾਲ ਸ਼੍ਰੀ ਸੰਜੈ ਵਰਮਾ, ਪ੍ਰਧਾਨ ਨਗਰ ਕੌਂਸਲ ਰੂਪਨਗਰ



ਸੈਣੀ ਭਵਨ ਦੀਆਂ ਸਿੱਖਿਆਰਥਣਾਂ ਲੋਹੜੀ ਮਨਾਉਂਦੀਆਂ ਹੋਈਆਂ।